ਖਿਆ ਹੇ ਪਿਤਾ ਜੀ ਅਸਾਂ ਹੁਣ ਵਾਹੀ ਹੈ ਜੇਹੜੀ ਖੇਤੀ ਹੈ ਸੋ ਤੁਸੀਂ ਆਪੇ ਹੀ ਦੇਖੋ
ਗੇ ਅਤੇ ਸੁਣਹੁਗੇ ਤਾਂ ਫੇਰ ਗੁਰੂ ਜੀ ਨੇ ਇਕ ਸਬਦ ਆਖਿਆ ਰਾਗ ਸੋਰਠ
ਵਿਚ॥ ॥ਰਾਗੁ ਸੋਰਠਿ ਮਹਲਾ ੧ ਘਰੁ ੧॥ ॥ਮਨੁ ਹਾਲੀ
ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ
ਗਰੀਬੀ ਵੇਸੁ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥੧॥

ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ੧ ॥ ਰਹਾਉ ॥ ਤਾਂ ਕਾਲੂ ਨੇ ਆਖਿਆ ਹੇ ਨਾਨਕ ਜੀ ਮੈਨੂੰ ਇਸ ਦਾ ਅਰਥ ਸਮਝਾਉ ਤਾਂ ਬਾਬੇ ਨਾਨਕ ਜੀ ਕਹਿਆ ਹੇ ਪਿਤਾ ਜੀ ਏਹੁ ਜੋ ਹਮਾਰਾ ਮਨ ਹੈ ਤਿਸ ਨੂੰ ਮੈਂ ਸਾਧ ਸੰਗਤ ਦੀ ਟਹਿਲ ਵਿਚ ਜੋ ਲਾਇਆ ਹੈ ਸੋ ਹਾਲੀ ਕੀਤਾ ਹੈ ਅਤੇ ਤਨ ਰੂਪੀ ਖੇਤ ਵਿਚ ਸ਼ੁਭ ਕਰਨੀਆਂ ਦੀ ਕਿਰਸਾਣੀ ਕਿਆ ਵਾਹੀ ਕੀਤੀ ਹੈ ਸਾਧਾਂ ਦਾ ਸੰਗ ਜੋ ਕਰਨਾ ਹੈ ਸੋ ਪਾਣੀ ਦਿਤਾ ਹੈ ਪਰਮੇਸਰ ਦਾ ਨਾਮ ਜਪਣਾ ਸੋ ਬੀਜ ਪਾਇਆ ਹੈ ਸੰਤੋਖ ਕਰਨਾ ਏਹ ਸੁਹਾਗਾ ਦਿਤਾ ਹੈ ਭਲਿਆਂ ਕਰਮਾਂ ਨਾਲ ਭਾਉ ਕਰਨਾ ਏਹ ਪੈਲੀ ਜੰਮੀ ਹੈ ਸੋਈ ਘਰ ਭਾਗਵਾਨ ਹੈ ਜਿਸ ਘਰ ਵਿਚ ਐਸੀ ਪੈਲੀ ਦੀਆਂ ਮਦਨੀਆਂ ਆਈ ਹੈ ਹੇ ਬਾਬਾ ਹੋਰ ਜੋ ਮਾਇਆ ਦੀ ਰਚਨਾ ਹੈ ਸੋ ਧ੍ਰੋਹ ਹੈ ਤੇ ਪਰਮੇਸਰ ਦੇ ਪਾਸਿਓਂ ਹਿਰ ਭੁਲਾਂਵਦੀ ਹੈ ਅਤੇ ਨਾਲ ਭੀ ਨਹੀ ਜਾਂਦੀ ॥ ੧ ॥ ਤਾਂ ਕਾਲੂ ਨੇ ਆਖਿਆ ਬਚਾ ਖੇਤੀ ਨਹੀ ਕਰਦਾ ਤਾਂ ਤੂੰ ਹਟੀ ਕਢ ਬੈਠ ਅਸਾਂ ਖਤ੍ਰੀਆਂ ਦੀ ਖੇਤੀ ਤਾਂ ਹਟੀ ਹੈ ਤਾਂ ਗੁਰੂ ਨਾਨਕ ਜੀ ਦੂਸਰੀ ਪਉੜੀ ਆਖੀ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨਿ ਹਸਿ ॥ ਤਿਸ ਦਾ ਪਰਮਾਰਥ ॥ ਹੇ ਪਿਤਾ ਜੀ ਅਸਾਂ ਏਹੁ ਹਟ ਕਢੀ ਹੈ ਮਾਨੁਖ ਦੇਹ ਕੀ ਜੋ ਆਰਬਲਾ ਹੈ ਸੋ ਅਸਾਂ ਨੇ ਹਟ ਕੀਤਾ ਹੈ ਸੁਰਤ ਦੀਆਂ ਬਿਰਤੀਆਂ ਨੂੰ ਪਾਪਾਂ ਥੀ ਹਟਾਇਕੈ ਪਵਿਤ੍ਰ ਕੀਤਾ ਹੈ ਸੋਈ ਅਸਾਂ ਭਾਂਡਸਾਲ ਕੀਤੀ ਹੈ ਸਤਨਾਮ ਪਰਮੇਸਰ ਕਾ ਤਿਸ ਨੂੰ ਹਰ ਵੇਲੇ ਯਾਦ ਰਖਣਾ ਸੋ ਉਨਾਂ ਭਾਂਡਿਆਂ ਵਿਚ ਵਸਤ ਪਾਇ ਰਖੀ ਹੈ ਅਤੇ ਸੰਤਾਂ ਨਾਲ ਜੋ ਹਰ ਮਿਲਨਾਂ ਹੈ ਸੋ ਵਣਜ ਕਰਕੇ ਗਿਆਨ ਰੂਪੀ ਲਾਹਾ ਖਟਿਆ ਹੈ ॥ ੨ ॥

ਤਾਂ ਫੇਰ ਕਾਲੂ ਨੇ ਆਖਿਆ ਹੇ ਨਾਨਕ ਜੀ ਜੇ ਹਟ ਨਹੀ ਕਰਦਾ ਅਤੇ ਤੇਰਾ ਮਨ ਫਿਰਣੇ ਤੇ ਹੈ ਤਾਂ ਸਉਦਾਗਰੀ ਘੋੜਿਆਂ ਦੀ ਕਰ ਤਾਂ ਬਾਬੇ ਆਖਿਆ ਪਿਤਾ ਜੀ ਅਸਾਂ ਸਉਦਾਗਰੀ ਭੀ ਕੀਤੀ ਹੈ ਬਾਬੇ ਜੀ ਤੀਸਰੀ ਪੌੜੀ ਆਖੀ ॥

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥

ਤਿਸ ਦਾ ਪਰਮਾਰਥ ॥ ਹੇ ਪਿਤਾ ਜੀ ਸਤ ਸਾਸਤ੍ਰਾਂ ਨੂੰ ਸ੍ਰਵਣ ਕਰਨਾ ਅਤੇ ਤਿਨਾਂ ਨੂੰ ਮਨ ਵਿਚ ਧਾਰਨਾ ਏਹ ਤਾਂ ਅਸਾਂ ਸਉਦਾਗਰੀ ਕੀਤੀ ਹੈ ਅਤੇ ਜੋ ਹਮਾਰਾ ਸਚ ਬੋਲਣਾ ਹੈ ਸੋ ਅਸਾਂ ਘੋੜੇ ਲੀਤੇ ਹੋਏ ਹਨ ਅਤੇ ਬੁਰੇ ਕਰਮਾਂ ਦਾ ਤਿਆਗ ਅਤੇ ਭਲੇ ਕ

ਰੱਬ ਦਾ ਗਾਹਿਣ ਕਰਨਾ ਏਹੁ ਖਰਚ ਬੰਨਿਆ ਹੈ ਅਰ ਮਨ ਵਿਚ ਏਹ ਦ੍ਰਿੜ੍ਹਤਾ ਹੈ ਜੋ ਪਰਮੇਸਰ ਜੀ ਹਾਜਰਾ ਹਜੂਰ ਸਾਡੇ ਅੰਗ ਸੰਗ ਹੈ ਸੋ ਤਿਸ ਭਗਵੰਤ ਦੀ ਕਿਰਪਾ ਕਰਕੇ ਨਿਰੰਕਾਰ ਦੇ ਦੇਸ ਮੈਂ ਜਾਇ ਪ੍ਰਾਪਤਿ ਹੋਇਗਾ ਤਿਸ ਨਿਰੰਕਾਰ ਦੇ ਮਹਿਲ ਵਿਚ ਕਿਆ ਅਸਥਾਨ ਵਿਚ ਪਹੁੰਚੇ ਤਾਂ ਏਹੁ ਬਡਾ ਨਫਾ ਸਾਨੂੰ ਪ੍ਰਾਪਤਿ ਹੋਵਿਆ ਹੈ ਬਡੇ ਆਨੰਦ ਮੈਂ ਮਗਨ ਹਾਂ ॥੩॥ ਤਾਂ ਕਾਲੂ ਜੀ ਏਹੁ ਸੁਣ ਕਰ ਆਖਿਆ ਹੇ ਨਾਨਕ ਜੀ ਤੂੰ ਅਸਾਡੇ ਕੰਮ ਕਾਜ ਥੋਂ ਤਾਂ ਰਹਿ ਚੁਕੋਂ ਪਰ ਘਰ ਤਾਂ ਚਲ ਕੇ ਬੈਠ ਅਸਾਂ ਤੇਰਾ ਖਟਣਾ ਛਡਿਆ ਹੈ ਤੇਰੀ ਉਦਾਸੀ ਦੇਖ ਕੇ ਸਰੀਕ ਕਹਿੰਦੇ ਹੈਨ ਕਾਲੂ ਦਾ ਪੁਤ੍ਰ ਮਖੱਟੂ ਹੈ ਅਤੇ ਜੇ ਤੂੰ ਉਦਾਸ ਹੋਇ ਕੇ ਨਿਕਲ ਗਇਓਂ ਤਾਂ ਲੋਕ ਆਖਣਗੇ ਜੋ ਕਾਲੂ ਦਾ ਪੁਤ੍ਰ ਮਖੱਟੂ ਸੀ ਫਕੀਰ ਹੋਇ ਕੇ ਨਿਕਲ ਗਇਆ ਹੈ ਇਸ ਬਾਤ ਮੈਂ ਬਹੁਤਾ ਸਾਨੂੰ ਬਡੀ ਹਾਣ ਆਵੇਗੀ ਅਰ ਸੁਣ ਬੇਟਾ ਜੇ ਕੁਛ ਹੋਰ ਨਹੀਂ ਕਰ ਸਕਦਾ ਤਾਂ ਕਿਸੇ ਦੀ ਚਾਕਰੀ ਹੀ ਕਰ। ਤਾਂ ਗੁਰੂ ਜੀ ਚੌਥੀ ਪਉੜੀ ਆਖੀ। ॥ਲਾਇ ਹਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥ ਬੰਨੁ ਬਦੀਆ ਕਰਿ ਧਾਵਣੀ ਤਾਂ ਕੋ ਆਖੈ ਧੰਨੁ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ਤਿਸ ਦਾ ਪਰਮਾਰਥ ਸੁਣੋ ਪਿਤਾ ਜੀ ਅਸਾਂ ਚਾਕਰੀ ਭੀ ਕੀਤੀ ਹੈ ਚਿਤ ਪਰਮੇਸਰ ਵਿਖੇ ਜੋ ਲਾਇਆ ਹੈ ਅਸਾਂ ਨੇ ਸੋਈ ਚਾਕਰੀ ਕੀਤੀ ਹੈ ਅਤੇ ਪਰਮੇਸਰ ਦਾ ਨਾਮ ਮੰਨਣ ਏਹੁ ਅਸਾਂ ਕੰਮ ਕੀਤਾ ਹੈ ਅਰ ਬਦੀਆਂ ਨੂੰ ਬੰਨਣ ਕਿਆ ਬਦੀਆ ਨੂੰ ਰੋਕਣਾ ਏਹੁ ਅਸਾਂ ਧਾਵਣੀ ਕੀਤੀ ਹੈ ਤਾਂ ਸਭ ਕੋਈ ਧੰਨ ਧੰਨ ਕਹਿੰਦਾ ਹੈ ਨਿਰੰਕਾਰ ਦੀ ਕ੍ਰਿਪਾ ਹੋਇ ਜੋ ਸਾਹਿਬ ਕ੍ਰਿਪਾ ਦੀ ਦ੍ਰਿਸਟ ਕਰਕੇ ਦੇਖੇ ਤਦ ਚਉਗਣਾ ਵੰਨਿਆ ਰੰਗ ਚੜ੍ਹਦਾ ਹੈ ਜਿਨਾਂ ਉਪਰ ਗੁਰੂਆਂ ਦੀ ਸੰਤਾਂ ਦੀ ਕ੍ਰਿਪਾ ਦ੍ਰਿਸਟ ਹੋਈ ਹੈ ਤਿਨਾਂ ਦੇ ਰਿਦੇ ਰੂਪ ਅਕਾਸ ਮੈਂ ਗਿਆਨ ਰੂਪੀ ਚੰਦ੍ਰਮਾ ਚੜ੍ਹਦਾ ਹੈ ਤਾਂ ਓਹ ਨਿਰੰਕਾਰ ਦੇ ਦੇਸ ਵਿਚ ਪਹੁੰਚਦੇ ਹੈਨ ਏਹੁ ਸਬਦ ਸੁਣ ਕਰ ਕਾਲੂ ਜੀ ਦੀ ਨਿਸਾ ਹੋਈ ਅਤੇ ਸੁਣ ਕਰ ਚੁਪ ਕਰ ਰਿਹਾ ਅਤੇ ਗੁਰ ਨਾਨਕ ਜੀ ਦੀ ਓਹੋ ਚਾਲ ਰਹੀ।

॥ਆਗੇ ਸਾਖੀ ਵੈਦ ਨਾਲ ਹੋਈ।

ਜਾਂ ਗੁਰੂ ਨਾਨਕ ਜੀ ਮਸਤਾਨ ਹੋਇ ਬੈਠ ਬੋਲੇ ਕਿਸੇ ਨਾਲ ਨਾਂਹੀ ਅਰ ਲੈਆ ਗੀ ਪਾਇਆ ਰਹੇ ਬਿਰਕ ਤਾ ਦੀ ਰੀਤ ਧਾਰ ਲੀਤੀ ਓਸ ਸੰਸਾਰ ਦੇ ਜੰਜਾਲਾਂ ਨੂੰ ਸੁਟ ਦਿੱਤਾ ਤਾਂ ਸਾਰਾ ਕੁਟੰਬ ਵੇਦੀਆਂ ਦਾ ਬਾਬੇ ਨਾਨਕ ਜੀ ਵਲ ਦੇਖ ਦੇਖ ਕੇ ਝੂਰਨ ਲਗੇ ਅਤੇ ਏਹੁ ਕਹਿਣ ਜੋ ਭਾਈ ਕਾਲੂ ਦਾ ਪੁਤ੍ਰ ਦਿਵਾਨਾ ਹੋਇ ਗਇਆ

ਹੈ ਜੇਹੜੇ ਬਾਬੇ ਜੀ ਦੇ ਸੰਗੀ ਹੈਸਨ ਓਹ ਆਣਕੇ ਮਿਲਨ ਅਤੇ ਕੁਛ ਪੁਛ ਕਰਤੇ ਬਾਬਾ
ਜੀ ਐਸੇ ਆਗੋਂ ਤੇ ਮਿਲਨ ਜਿਉਂ ਕਦੀ ਮਿਲਿਆ ਹੀ ਨਹੀਂ ਓਹ ਦੇਖ ਕਰ ਬਾਪੂ
ਤ ਦੁਖੀ ਹੋਣ ਅਤੇ ਗੁਰੂ ਜੀ ਮਗਨ ਹੋਇ ਬੈਠੇ ਅਰ ਖਾਂਦੇ ਪੀਂਦੇ ਭੀ ਕੁਛ ਨਾਹੀ ਇਕੰ
ਤ ਹੀ ਬੈਠ ਰਹੇ ਸਭੋ ਮੰਦਰ ਬੇਦੀਆਂ ਦਾ ਓਦਰ ਗਇਆ ਏਹ ਬਿਧ ਦੇਖਕੇ ਮਾ
ਤਾ ਜੀ ਮਨ ਵਿਚ ਬਹੁਤ ਚਿੰਤਾਵਾਨ ਹੋਇ ਕਰ ਕਹਿਣ ਲਗੀ ਹੇ ਪੁਤ੍ਰ ਤੁਮ ਕੈਸੀ ਦ
ਸਾ ਆਪਣੀ ਕਰ ਰਾਖੀ ਹੈ ਤੈਨੂੰ ਲੋੜੀਂਦਾ ਹੈ ਆਪਣੇ ਘਰ ਦਾ ਕਾਰਜ ਕਰਨਾ ਬਾ
ਹਰ ਸੇ ਕਮਾਇ ਕਰ ਲਿਆਵਣਾ ਆਪਣੇ ਪਰਵਾਰ ਨੂੰ ਸੁਖੀ ਕਰਨਾ ਫਕੀਰਾਂ
ਦੀ ਸੰਗਤ ਛਡ ਦਿਉ ਸੁਚੇਤ ਹੋਵਹੁ ਬਿਵਹਾਰ ਕਰੋ ਅਪਣੀ ਜਾਤ ਬਿਰਾਦਰੀ ਮੇਂ
ਮਿਲ ਕੇ ਬੈਠਣਾ ਦੇਖੋ ਤੇ ਪਰਵਾਰ ਕੇ ਲੋਕ ਤੁਮਾਰੇ ਸਰੀਰ ਦੀ ਦਸਾ ਦੇਖ ਕਰਕੇ
ਸੇ ਦੁਖੀ ਹੁੰਦੇ ਹੈਂ ਅਪਣੇ ਘਰ ਦੇ ਖਰਚ ਅਤੇ ਆਮਦਨੀ ਨੂੰ ਸੰਭਾਲੋ ਕੁਸੀ
ਪ੍ਰਕਾਰ ਆਪਣੀ ਕਮਾਈ ਕਰਕੇ ਦਰਬ ਅਪਨੇ ਘਰ ਮੇ ਸੰਚਹੁਗੇ ਸੁਚੇਤ ਹੋ
ਵਹੁਗੇ ਤਾਂ ਕੋਈ ਖਤ੍ਰੀ ਦੇਖ ਕਰ ਤੁਹਾਡੀ ਸਗਾਈ ਕਰੇਗਾ ਤੈਨੂੰ ਕਮਾਊ ਜਾਣ
ਕੇ ਆਪਣੀ ਲੜਕੀ ਤੇਰੇ ਕੋ ਬਿਵਾਹ ਦੇਵੇਗਾ ਮੇਰੇ ਕੋ ਭੀ ਬਡਾ ਸੁਖ ਪ੍ਰਾਪਤ
ਹੋਵੇਗਾ ਅਰ ਤੇਰੀ ਲੋਕ ਵਡਿਆਈ ਕਰਨਗੇ ਹੁਣ ਤੈਨੂੰ ਐਸਾ ਮਸਤਾਨਾ
ਦੇਖਕੇ ਲੋਕ ਹਾਸੀ ਕਰਦੇ ਹੈਨ ਕਹਿੰਦੇ ਹੈਨ ਕੈਸਾ ਨਿਲਾਇਕ ਹੈ ਕਿਰਤ ਨਹੀਂ ਕ
ਰਦਾ ਦਾਰਿਦ੍ਰੀ ਹੈ ਮਤਹੀਨ ਹੈ ਕੋਈ ਕਹਿੰਦਾ ਹੈ ਏਹ ਨਿਰਬਲ ਹੈ ਉਨਾਂ ਸਰੀਕਾਂ ਦ
ਬੋਲਣਾ ਹਮਾਰੇ ਤਾਂਈ ਬਜਰ ਪਥਰ ਕੇ ਸਮਾਨ ਦੁਖਦਾਇਕ ਹੁੰਦਾ ਹੈ ਹੇ ਪੁਤਰ
ਮੇਰਾ ਹਿਰਦਾ ਸੁਣ ਸੁਣ ਕੇ ਜਲਦਾ ਹੈ ਏਹ ਬਾਤਾਂ ਮਾਤਾ ਦੀਆਂ ਸੁਣਕਰ ਬਾਬਾ
ਜੀ ਚੁਪ ਕਰ ਰਹੇ ਉਤਰ ਕੋਈ ਭੀ ਨਾਂ ਦੀਆ ਰਾਤ ਭੀ ਦਿਨ ਭੀ ਪੜੇ ਰਹੈ ਬੋਲੈਂ ਕਿ
ਸੇ ਸੇਂ ਨਾਹੀ ਅਰ ਨਾ ਸੁਚੇਤ ਹੋਇ ਕਰ ਬੈਸੇਂ ਜੈਸੇ ਕੋਈ ਬਡਾ ਉਨਮਤ ਹੋਤਾ ਹੈ ਐ
ਸੇ ਹੀ ਅਬੋਲ ਹੋਇ ਕਰ ਪੜੇ ਰਹੈ ਮਾਤਾ ਬਡੇ ਹਿਤ ਨਾਲ ਕੁਛ ਭੋਜਨ ਕਰਾਵੈ ਬ
ਹੁ ਯਤਨ ਸੇ ਤੋ ਕੁਛ ਖਾਵੈਂ ਕਦੀ ਨਹੀਂ ਭੀ ਖਾਵੈਂ ਤਨ ਬਡਾ ਦੁਰਬਲ ਹੋਇ ਗਇਆ
ਹੈ ਦੇਖ ਕਰ ਮਾਤਾ ਕਹੇ ਹੇ ਪੁਤ੍ਰ ਤੇਰੇ ਕੋ ਕਿਆ ਹੋ ਗਇਆ ਹੈ ਤੂੰ ਆਪਣੀ ਦਵਾਈ ਹੀ ਕਰ
ਤੇਰਾ ਮੁਖ ਪੀਲਾ ਹੋਇ ਗਇਆ ਹੈ ਤੇਰੇ ਅੰਗ ਭੀ ਸਭ ਸਿਥਲ ਹੋਇ ਰਹੇ ਹੈਂ ਰਾ
ਤ ਦਿਨ ਪੜੇ ਰਹਿੰਦੇ ਹੋ ਮੂੰਹ ਦੇ ਪਾਇ ਕੁਛ ਨਹੀਂ ਹੋ ਭਾਈ ਸਨਬੰਧੀ ਦੇਖਕੇ ਕਹਿਆ ਕ
ਰਦੇ ਹੈਂ ਹੇ ਪੁਤ੍ਰ ਸੁਚੇਤ ਹੋਵਹੁ ਐਸਾ ਦੇਖ ਕਰ ਮਾਤਾ ਤ੍ਰਿਪਤਾ ਜੀ ਬਡੀ ਅਧੀਨ
ਹੋਇ ਕਰ ਪਰਮੇਸਰ ਕੇ ਆਗੇ ਇਉਂ ਦੇਤ ਬਿਦਨਾ ਕਰਦੀ ਹੈ ਕਹੇ ਹੇ ਭਗਵੰਤ ਮੇਰੇ

ਪੁਤ੍ਰ ਕੇ ਅਰੋਗਤਾ ਹੋਵੇ ਸੁਖੈਤ ਹੋਵੇ ਨਿਰੋਗ ਹੋਵੇ ਬਾਰੰਬਾਰ ਪਰਮੇਸੁਰ ਦੇ ਆਗੇ ਬੇਨ
ਤੀਆਂ ਕਰਦੀ ਹੈ ਇਕ ਦਿਨ ਪੁਤ੍ਰ ਦਾ ਹਾਥ ਪਕੜ ਕੇ ਬੋਲੀ ਪੁਤ੍ਰ ਆਪ ਨੀ ਪੀੜ ਕਹੁ
ਮੈਂ ਬੈਦ ਕੋ ਬੁਲਾਇ ਕਰ ਤੇਰਾ ਇਲਾਜ ਕਰਾਵਾਂ ਬਹੁਤਾ ਹੀ ਕਹੀ ਅਤੇ ਬਾਬਾ ਨਾਨ
ਕ ਜੀ ਚੁਪ ਕਰ ਰਹੇ ਸਭ ਜਾਤ ਭਾਈ ਖਬਰ ਲੈਣ ਵਾਸਤੇ ਆਏ ਦੇਖ ਬਾਬੇ ਨਾਨਕ
ਜੀ ਨੂੰ ਅਸਥਾਨ ਦੇਖ ਕਰ ਬੜੇ ਦੁਖੀ ਹੁੰਦੇ ਸਾਨ ਸਾਰਾ ਪਰਵਾਰ ਦੇਖ ਦੇਖ ਝੂਰਦਾ ਹੈ
ਰੋਗ ਨਹੀਂ ਜਾਣਿਆ ਜਾਂਦਾ ਜੋ ਕੌਣ ਰੋਗ ਹੈ ਅਰ ਸਭ ਪਰਵਾਰ ਦੇਖ ਕੇ ਕਾਲੂ ਨੂੰ ਆ
ਖਣ ਲਗੇ ਤੂੰ ਅਚਲ ਹੋਇ ਕੇ ਬੈਠ ਰਹਿਆ ਹੈਂ ਅਤੇ ਤੇਰੇ ਪੁਤ੍ਰ ਨਾਨਕ ਨੂੰ ਪਾਇਆਂ ਹੋਇ
ਆਂ ਕਈ ਦਿਨ ਗੁਜਰ ਗਏ ਹੈਨ ਪਾਇਆ ਹੀ ਰਹਿੰਦਾ ਹੈ ਤੂੰ ਕਿਸੇ ਵੈਦ ਨੂੰ ਸਦ ਕੇ ਇ
ਸਦਾ ਇਲਾਜ ਕਰਾਉ ਇਕੋ ਇਕ ਤੇਰਾ ਪੁਤ੍ਰ ਹੈ ਪਦਾਰਥ ਦੇਖ ਰਹਿਆ ਪੁਤ੍ਰ ਰਾਜੀ
ਹੋਵੇਗਾ ਤਾਂ ਕਈ ਤਰਾਂ ਦਾ ਪਦਾਰਥ ਖਟ ਲਿਆਵੇਗਾ ਪੁਤ੍ਰ ਦਾ ਸਨੇਹ ਮਨ ਤੇ ਲਿਆ
ਗ ਕਰ ਪਦਾਰਥ ਪਿਆਰਾ ਮਤ ਕਰੋ ਪੁਤ੍ਰ ਪਿਆਰਾ ਕਰਨਾ ਚਾਹੀਦਾ ਹੈ ਪੁਤ੍ਰ ਰਾ
ਜੀ ਹੋਵੇਗਾ ਤਉ ਕੈਸਾ ਸੁਖ ਹੋਵੇਗਾ ਅਤੇ ਸੁਣ ਕਾਲੂ ਪੈਸੇ ਕਿਤਨੇ ਹੋਵਨ ਤਾਂ ਉਹ ਕਿ
ਸੇ ਕੰਮ ਨਹੀ ਤੂੰ ਵੈਦ ਨੂੰ ਸਦ ਅਤੇ ਕਥਾ ਵਿਚ ਲੋਕ ਖ ਪਰਮੇਸਰ ਕਰਦਾ ਹੋਵੇ ਇਤਨਾ ਸੁਣ
ਕੇ ਕਾਲੂ ਆਪ ਉਠ ਖੜੋਤਾ ਅਤੇ ਭਾਈ ਕਾਲੂ ਜੀ ਨਾਨਕ ਪਾਸ ਬੈਠੇ ਰਹੇ ਤੇ ਬਾਬਾ ਨਾਨਕ ਜੀ
ਅਪਣੇ ਮੁਖ ਪਰ ਕਪੜਾ ਲੀਏ ਪੌੜ ਰਹੇ ਮਹਿਤਾ ਕਾਲੂ ਜੀ ਹਰਿਦਾਸ ਨਾਮ ਬੈਦ ਨੂੰ
ਸਦ ਲਿਆਇਆ ਜਿਥੇ ਬਾਬਾ ਨਾਨਕ ਜੀ ਪੌੜੇ ਸੇ ਬੈਦ ਤਿਸ ਅਸਥਾਨ ਆਇਆ
ਕਾਲੂ ਜੀ ਨੇ ਆਖਿਆ ਵੈਦ ਹਰਿਦਾਸ ਜੀ ਨਾਨਕ ਦੀ ਬਾਂਹ ਦੇਖ ਕਰ ਕਹੋ ਇਸ ਨੂੰ
ਕਿਆ ਰੋਗ ਹੈ ਦਿਨੇ ਰਾਤ ਆਲਸ ਕਰਕੇ ਪਿਆ ਰਹਿੰਦਾ ਹੈ ਖਾਣ ਪੀਣ ਦੀ ਵਲੋਂ
ਭੀ ਮੂੰਹ ਮੋੜੀ ਰਖਦਾ ਹੈ ਮਹਾ ਇਸਦਾ ਪੀਲਾ ਅਤੇ ਤਨ ਖੀਨ ਹੋਇਆ ਹੈ ਏਹ ਬਾਤ
ਸੁਣ ਕੇ ਹਰਿਦਾਸ ਵੈਦ ਨਿਕਟ ਜਾਇ ਬੈਠਾ ਬਾਬੇ ਜੀ ਦਾ ਮੁਖ ਦੇਖ ਕਰ ਨਾੜੀ ਦੇਖਣ
ਨੂੰ ਹਾਥ ਲਗਾ ਦੇਖਣ ਜਾਂ ਬਾਬੇ ਜੀ ਦੀ ਨਾੜੀ ਦੇਖਣ ਲਗਾ ਤਾਂ ਬਾਬਾ ਨਾਨਕ ਜੀ
ਨੇ ਅਪਣਾ ਹਾਥ ਵੈਦ ਦੇ ਹਥ ਵਿਚੋਂ ਖਿਚ ਲਿਆ ਅਤੇ ਆਪ ਹੀ ਉਠ ਬੈਠੇ ਅਤੇ ਆ
ਖਿਆ ਸਾਡਾ ਹਾਥ ਤੂੰ ਨੇ ਪਕੜਿਆ ਹੈ ਸੋ ਕਿਆ ਜਾਣ ਕੇ ਤੂੰ ਹਰਿਦਾਸ ਬੋਲਿਆ ਰੋਗ
ਦੇਖਦਾ ਹਾਂ ਜੋ ਕਿਆ ਰੋਗ ਹੈ ਤੂੰ ਮਾਲੂਮ ਤਾਂਈ ਜੈਸਾ ਰੋਗ ਹੋਇਗਾ ਤਿਸ ਦੀ ਦਵਾਈ ਦੇ
ਵਾਂਗਾ ਪਥ ਦੇ ਸਾਥ ਦਵਾਈ ਖਾਵਹੁਗੇ ਤਾਂ ਅਰੋਗ ਹੋਇ ਜਾਵਹੁਗੇ ਸਰੀਰ ਕਰ ਕੇ
ਸੁਖੀ ਹੋਵੋਗੇ ਤਉ ਬਾਬਾ ਨਾਨਕ ਜੀ ਤਿਸ ਦੇ ਪਰ ਥਾਇ ਸਬਦ ਉਚਾਰਿਆ।
ਸਲੋਕ ਮ: ੧ ॥ ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹਿ ॥ ਭੋਲਾ ਵੈਦੁ

ਨਜਾਣਈਕਰਕਕਲੇਜੇਮਾਹਿ॥੧॥ ਮ:੧ "ਵੈਦਾਵੈਦਸੁਵੈਦਤੂਪਹਿਲਾ
ਰੋਗਪਛਾਣੁ॥ ਐਸਾਦਾਰੂਲੋੜਿਲਹੁ ਜਿਤੁਵੰਞੈਰੋਗਾਘਾਣਿ॥ ਜਿਤੁਦਾਰੂਰੋਗਉ
ਠਿਅਹਿ ਤਨਿਸੁਖਵਸੈਆਇ॥ ਰੋਗਗਵਾਇਹਿਆਪਣਾਤਨਾਨਕਵੈਦਸਦਾ
ਇ॥ ੨" 'ਤਿਸਦਾਪਰਮਾਰਥ'। "ਅਤੇਕਾਲੂਨੇਵੈਦਬੁਲਾਇਆਸੀਵੈਦ
ਨੀ ਕਿਆ ਦਵਾਈ ਨਾਨਕਜੀਦੀਕਰਾਉਣਦੇਵਾਸਤੇ ਸੋਓਹ ਵੈਦ ਬਾਬੇ ਨਾਨਕ
ਜੀਦੀਬਾਂਹਪਕੜਕੇਲਗਾ ਦੇਖਣ ਓਹਭੁਲਾ ਵੈਦ ਜੋਬਾਬੇ ਨਾਨਕ ਜੀਦੇ ਰੋਗਦਾ
ਮਹਿਰਮਨਹੀਸੀਕਿਆਕਰਕੇਦੁਖਹੈਕਲੇਜੇਵਿਖੇ ਇਸਤੇ ਬਾਬਾ ਨਾਨਕਜੀਕਹ
ਤੇਹੈਂ ਹੇ ਵੈਦਾਵੈਦ ਸੁਵੈਦਤੂ ਉਤਮ ਵੈਦ ਤੈਨੂੰ ਅਸੀਂਤਾਂ ਜਾਣੀਏਜੋ ਪਹਿਲਾ ਰੋਗ ਤੂੰ
ਪਛਾਣੇ ਅਤੇ ਐਸਾਦਾਰੂਲੋੜਲਹੁ ਕਿਆ ਢੂੰਡਲਵੇ ਜਿਸਕਰਕੇ ਰੋਗਾਂਦਾ ਘਾ
ਣ ਕਿਆ ਸਮੂਹ ਰੋਗ ਦੂਰ ਹੋਇ ਜਾਵਨ ਅਤੇ ਜਿਸਦਾਰੂਕਰਕੇਰੋਗ ਸਭ ਉਠ ਜਾ
ਵਨ ਅਰ ਸਰੀਰ ਵਿਚ ਸੁਖ ਆਇ ਵਸਨ ਤਾਂ ਨਾਨਕਜੀਕਹਿੰਦੇਹੈਨ ਐਸਾ ਦਾਰੂ
ਹਈ ਤੇਰੇ ਪਾਸ ਤਾਂ ਤੂੰ ਠੀਕ ਵੈਦ ਹੈਂ ਅਤੇ ਅਸਲੂ ਵੈਦ ਤੈਨੂੰ ਤਊ ਜਾਣੀਏ ਜੇ ਆਪਣਾ
ਰੋਗ ਤੂੰ ਗਵਾਵੇ ਤਾਂ ਵੈਦ ਨੇ ਹਥ ਜੋੜ ਕਰ ਪ੍ਰਾਰਥਨਾ ਕੀਤੀ ਸਰਬ ਸਾਮਰਥ ਮਹਾਰਾ
ਜ ਜੀ ਓਹ ਰੋਗ ਮੇਰੇ ਤਾਈਂ ਕਉਣ ਜਿਸਕਰਕੇ ਮੈਂ ਰੋਗੀ ਹਾਂ ਤਾਂ ਨਾਨਕ ਜੀ ਬਚਨ ਕ
ਰਤੇ ਹੈਂ ਹੇ ਹਰਦਾਸ ਤੂ ਸੁਣ ਕਰ ਪਹਿਲੇ ਤੇ ਹਉਮੈ ਕਾ ਰੋਗ ਸਭ ਪ੍ਰਾਣੀਆਂ ਕੇ
ਲਗਾ ਹੈ ਜਿਸਕਰਕੇ ਲੋਕ ਮਹਾਂਦੁਖੀ ਹੋਇ ਰਹੇ ਹੈਂ ਜੋ ਜਨਮ ਮਰਨ ਕਾ ਕਾਰਨ ਹੈ
ਜੋ ਕਿਸੀ ਉਪਚਾਰ ਕਰਕੇ ਏਹ ਰੋਗ ਨਹੀਂ ਹਟਦਾ ਇਸ ਦੁਖ ਕਰਕੇ ਜੋ ਆਪਣੇ ਆਪ
ਕੋ ਦੁਖੀ ਜਾਣਦੇ ਹੈਂ ਸੋ ਦੂਸਰੇ ਕਉ ਕਿਸ ਪ੍ਰਕਾਰ ਸੁਖੀ ਕਰ ਸਕੇਗਾ ਹੇ ਹਰਿ ਦਾਸ ਦਵਾਈ
ਕਰਕੇ ਹਉਮੈ ਜਾਵੇ ਅਰ ਅੰਤਰ ਸੁਖ ਦੇਹ ਮੈਂ ਪ੍ਰਾਪਤਿ ਹੋਵੇ ਸੋ ਉਪਾਇ ਕਰੁ ਜੋ ਪ੍ਰਾਣੀ
ਕਰੇ ਤਾਂ ਆਪਣੇ ਰੋਗ ਨੂੰ ਗਵਾਵੇ ਜੋ ਵੈਦ ਭੁਲਾ ਹੈ ਜਨਮ ਮਰਨ ਤੇ ਮੁਕਤਾ ਹੋਵੈ ਫੇਰ
ਤਿਸ ਕੋ ਰੋਗ ਨਾਹੀ ਵਿਆਪਦਾ ਹੇ ਹਰਿ ਦਾਸ ਅਸੀ ਆਪਣੇ ਪਿਆਰੇ ਪਰਮੇਸਰ
ਵਿਚ ਲੀਨ ਹੋਇ ਰਹੇ ਹਾਂ ਇਸ ਰੋਗ ਦਾ ਉਪਾਉ ਕੋਈ ਨਹੀ ਇਤਰ ਰੋਗ ਸੰਸਾਰ ਦੇ ਜੋ ਹੈ
ਨ ਤਿਨ ਦੇ ਦਾਰੂ ਬਹੁਤ ਹੈਨ ਅਰ ਮਮਤਾ ਰੋਗ ਜੋ ਜਨਮ ਮਰਨ ਕਾ ਦੇਣੇ ਵਾਲਾ ਹੈ
ਇਸ ਨੋ ਦੂਰ ਕਰੇ ਸਰਬ ਮੈਂ ਪਰਮੇਸਰ ਕੋ ਰਵਿਆ ਜਾਣਕੇ ਕਿਸੇ ਨਾਲ ਵੈਰ ਨਾ
ਕਰੇ ਆਤਮਾ ਏਕ ਰਸ ਸਤ ਚਿਤ ਆਨੰਦ ਪੂਰਨ ਹੈ ਇਹ ਬਚਨ ਗੁਰੂ ਜੀ ਕੇ ਸੁਣ
ਕਰ ਹਰਿ ਦਾਸ ਨੇ ਆਖਿਆ ਹੇ ਮਿਤ੍ਰ ਕਾਲੂ ਨਾਨਕ ਜੀ ਨੂੰ ਰੋਗ ਕੋਈ ਨਾਹੀ ਤੁਸੀ
ਚਿੰਤਾ ਕੋਈ ਨਾ ਕਰੋ ਏਹ ਪਰਮੇਸਰ ਦੇ ਰੰਗ ਰਤੇ ਹੈਂ ਅਤੇ ਏਹ ਦੁਨੀਆਂ ਦੇ ਦੁਖ ਦੂ

ਫਕਰਨੇਨੂੰ [illegible] ਕਹਿਕੇ ਹਰਦਾਸ ਜੀ ਗੁਰੂ ਜੀ ਅਤੇ ਮਥਾ ਟੇਕਕੇ ਆ
ਪਣੇ ਘਰਨੂੰ ਚਲਾ ਗਿਆ।

ਅਗੇ ਸਾਖੀ ਸਾਧਾਂ ਨੂੰ ਭੋਜਨ ਦੇਵਣੇ ਦੀ।

ਇਕ ਦਿਨ ਬਾਬਾ ਨਾਨਕ ਜੀ ਆਪਣੇ ਘਰ ਮੇਂ ਬੈਠੇ ਥੇ ਮਸਤਾਨੇ ਤੌਰ ਪਰ ਤਾਂ ਮਹਿਤਾ
ਕਾਲੂ ਬਾਹਰੋਂ ਆਇਆ ਸੀ ਆਇਕਰ ਦੇਖੇ ਤਾਂ ਨਾਨਕ ਜੀ ਆਪਣੀ ਚਾਲੀ ਛੋੜੀ
ਨਹੀਂ ਮਹਿਤਾ ਕਾਲੂ ਦੇਖਕਰ ਬਹੁਤ ਰੰਜ ਹੋਇਆ ਅਤੇ ਆਖਿਓਸ ਹੇ ਪੁਤ੍ਰ ਤੇਰਾ ਪੇ
ਖਾ ਮੈਨੂੰ ਖਾਇਗਾ ਇਆਂ ਹੇ ਤੂੰ ਕਿਛੁ ਸਮਝਦਾ ਨਾਹੀ ਤਾਂ ਗੁਰੂ ਨਾਨਕ ਜੀ ਆਖਿਆ
ਹੇ ਪਿਤਾ ਜੀ ਹੁਣ ਤੁਸੀ ਮੈਨੂੰ ਬਖਸ਼ੋ ਜੀ ਅਗੇ ਜੋ ਕੁਛ ਤੁਸੀ ਮੈਨੂੰ ਆਖਹੁਗੇ ਸੋਈ ਮੈਂ
ਕਰਾਂਗਾ ਜੀ ਤਾਂ ਕਾਲੂ ਆਖਿਆ ਤੂੰ ਕੁਛ ਵਣਜ ਕਰਿਆ ਕਰ ਬਾਬੇ ਕਹਿਆ ਭ
ਲਾ ਪਿਤਾ ਜੀ ਤਾਂ ਕਾਲੂ ਕਹਿਆ ਨਾਨਕ ਜੀ ਤੂੰ ਵੀਹ ਰੁਪਏ ਲੈ ਜਾਹੁ ਤੇ ਕੋਈ ਖਰਾ
ਸਉਦਾ ਖਰੀਦ ਲੈ ਆਉ ਜੇ ਇਤ ਵਾਰੀ ਖਰਾ ਸਉਦਾ ਕਰ ਆਵੇਗਾ ਤਾਂ ਫੇਰ ਮੈਂ ਤੈ
ਨੂੰ ਬਹੁਤ ਰੁਪਏ ਦੇਵਾਂਗਾ ਤਾਂ ਫੇਰ ਗੁਰੂ ਨਾਨਕ ਜੀ ਕਹਿਆ ਭਲਾ ਪਿਤਾ ਜੀ ਤੁਸੀ
ਆਪੇ ਦੇਖੋਗੇ ਜੋ ਮੈਂ ਕੇਹਾ ਸੌਦਾ ਕਰਾਂਗਾ ਤਾਂ ਗੁਰੂ ਨਾਨਕ ਜੀ ਨੂੰ ਵੀਹ ਰੁਪਏ ਦਿਤੇ
ਅਤੇ ਭਾਈ ਬਾਲੇ ਨੂੰ ਬੁਲਾਇਕਰ ਕਹਿਆ ਸੁਣ ਬਾਲਾ ਤੂੰ ਸਿਆਣਾ ਹੈਂ ਤੂੰ ਨਾ
ਨਕ ਜੀ ਦੇ ਸੰਗ ਜਾਹੁ ਕਿਵੇਂ ਏਹੁ ਵਣਜ ਕਰਨਾ ਸਿਖੇ ਤੂੰ ਇਸ ਦਾ ਸੰਗੀ ਹੈਂ ਤਾਂ ਫ
ਫਰ ਭਾਈ ਬਾਲੇ ਨੇ ਗੁਰੂ ਨਾਨਕ ਜੀ ਦੇ ਬਸਤ੍ਰ ਭੀ ਉਠਾਇ ਲੀਤੇ ਅਤੇ ਰੁਪਏ ਭੀ ਲੈ
ਕੇ ਬਾਬੇ ਨਾਨਕ ਜੀ ਦੇ ਸੰਗ ਚਲਿਆ ਤਾਂ ਮਹਿਤਾ ਕਾਲੂ ਨਗਰ ਦੇ ਬਾਹਰ ਕਿਤਨੀ
ਕ ਦੂਰ ਤਕ ਸਿਖਿਆ ਦੇਂਦਾ ਨਾਲ ਤੁਰਿਆ ਗਿਆ ਕਹੇ ਪੁਤ ਨਾਨਕ ਮੇਰੇ ਜੀਵ ਦੇ
ਜੀਅ ਤੂੰ ਸਭੇ ਕੰਮਕਾਜ ਸੰਭਾਲ ਲਵੇਂ ਤਾਂ ਮੇਰਾ ਜੀਉ ਬਹੁਤ ਠੰਢਾ ਹੋਵੇ ਤੇਰੇ ਜੀਮ
ਆ ਤੇ ਮੈਨੂੰ ਏਹ ਭਰੋਸਾ ਹੋਇਆ ਸੀ ਜੋ ਸੰਸਾਰ ਮੇਂ ਪੈਦਾ ਰਬ ਕਮਾਵਦਾ ਧਾਂ ਮੇਰੇ
ਥੀ ਏਹ ਬਹੁਤ ਕਮਾਵੇਗਾ ਮੇਰਾ ਜਸ ਹੋਵੇਗਾ ਜਿਸ ਤਰਾਂ ਚੰਦ੍ਰਮਾ ਨੂੰ ਦੇਖਕੇ ਸਭ ਕੋ
ਈ ਖੁਸ਼ੀ ਹੁੰਦਾ ਹੈ ਤਿਸ ਤਰਾਂ ਨਾਨਕ ਜੀ ਨੂੰ ਦੇਖਕੇ ਇਸ ਕੀ ਪ੍ਰਜਾ ਸਭ ਖੁਸ਼ੀ ਹੋਵ
ਨ ਸੋ ਤੂੰ ਵਣਜ ਕਰਨਾ ਸਿਖੇਂਗਾ ਖੜੀਆਂ ਵਾਲੀ ਚਾਲੀ ਤੂੰ ਕਰੇਂ ਬਹੁਤ ਬਹੁਤ ਪਦਾ
ਰਥ ਖਟਕੇ ਘਰ ਲੈ ਆਵੇਂਗਾ ਤਾਂ ਮੇਰਾ ਜੀਉ ਠੰਢਾ ਹੋਵੇ ਸੋ ਖਰਾ ਸਉਦਾ ਕਰੀਂ ਐਸੇ
ਸਿਖਿਆ ਦੇਕਰ ਕਾਲੂ ਪਿਛਾਂ ਮੁੜਿਆ ਬਾਬਾ ਨਾਨਕ ਜੀ ਅਤੇ ਭਾਈ ਬਾਲਾ ਸਿਧਾ
ਰੇ ਕਾਲੂ ਜੀ ਬਹੁਤ ਮੋਹ ਕਰਕੇ ਪਿਛਾਂਹ ਪਰਤਕੇ ਦੇਖਦਾ ਹੈ ਤੇ ਘਰ ਨੂੰ ਆਇਆ
ਬਾਲੇ ਨੂੰ ਗੁਰੂ ਨਾਨਕ ਜੀ ਦੀਆਂ ਬਾਤਾਂ ਸੁਣਾਵਦੇ ਭਗਤਿ ਵੈਰਾਗ ਗਿਆਨ ਨਾਲ ਮਿਲੀ

ਅੱਗੇ ਈਆਂ ਭਨੇ ਸਨੇ ਚਲੇ ਜਾਂਦੇ ਹੈਨ [illegible] ਤਿਸ ਪਿਛੋਂ ਆਗੇ ਏ ਤਾਂ ਇਕ ਬਨ ਹੈ ਉਥੇ ਸੰਤ
ਮੰਡਲੀ ਬੈਠੇ ਹੈਨ ਤਪਸੀ ਤਪ ਕਰਦੇ ਹੈਨ ਕੋਈ ਖੜੀਆਂ ਬਾਹਾਂ ਕਰਕੇ ਬੈਠੇ ਹੈਨ ਕੋਈ
ਸੰਤ ਖੜੇ ਰਹਦੇ ਹੈਨ ਕੋਈ ਪਦਮਾਸਨ ਲਾਈ ਬੈਠੇ ਹੈਨ ਕੋਈ ਧੂਣੀਆਂ ਤਪਦੇ ਹੈਨ ਕੋਈ
ਸਿਧਾਸਨ ਕਰ ਬੈਠੇ ਹੈਨ ਕਈ ਏਕ ਕੁਪੀਨ ਪਹਿਰੇ ਹੋਰ ਕਪੜਾ ਤਿਆਗ ਬੈਠੇ ਹੈਨ
ਦਿਗੰਬਰ ਇਕ ਜਲ ਵਿਚ ਬੈਠੇ ਹੈਨ ਇਕ ਪੁਸਤਕ ਪੜ੍ਹਦੇ ਹੈਨ ਇਕ ਮੋਨਧਾਰੀ ਬੈਠੇ
ਹੈਨ ਜਿਨਾਂ ਨੂੰ ਪਰਲੋਕ ਦੇ ਸੁਖਾਂ ਦੀ ਚਾਹ ਹੈ ਇਸ ਲੋਕ ਦੇ ਸੁਖ ਤਿਆਗ ਕੇ ਇਨਾ ਰਕ
ਰ ਇਕੰਤ ਬੈਠੇ ਹੂਏ ਹੈਨ ਸਰਬ ਸੰਤ ਮੰਡਲੀ ਵਿਚ ਇਕ ਮਹੰਤ ਜੀ ਬੈਠੇ ਹੈਨ ਮ੍ਰਿਗਛ
ਲਾ ਜਿਨਾਂ ਦੇ ਹੇਠ ਵਿਛੀ ਹੈ ਬ੍ਰਿਛ ਕੀ ਤੁਚਾ ਜਿਨ ਕੀ ਕੁਪੀਨ ਹੈ ਸਿਰ ਪਰ ਜਟਾਊ ਕਾਮ
ਕਟ ਹੈ ਅਰ ਰਿਦੇ ਮੈ ਜਿਨਕੇ ਜਗਦੀਸ ਕਾ ਧਿਆਨ ਹੈ ਅਰ ਇਕ ਸਾਧੂ ਪਾਸ ਪੁਸ
ਤਕ ਪੜ੍ਹ ਰਿਹਾ ਹੈ ਇਸ ਸੰਤ ਸਭਾ ਕੇ ਦੇਖਕੇ ਬਾਬਾ ਨਾਨਕ ਜੀ ਖੜੇ ਹੁਇ ਕਰ
ਦੇਖਨ ਲਗੇ ਅਰ ਬਾਲੇ ਪ੍ਰਤਿ ਬਾਬਾ ਨਾਨਕ ਜੀ ਨੇ ਕਹਿਆ ਹੇ ਬਾਲਾ ਏਸ ਖਰੇ ਸਉ
ਦੇ ਨਾਲੋਂ ਹੋਰ ਕੋਈ ਸਉਦਾ ਚੰਗਾ ਨਹੀਂ ਇਸ ਅਮੋਲ ਸਉਦੇ ਨੂੰ ਮੈਂ ਨਹੀਂ ਛਡ ਸਕਦਾ
ਪਿਤਾ ਦੀ ਆਗਿਆ ਭੀ ਖਰੇ ਸੌਦੇ ਦੀ ਹੈ ਸੋ ਇਸ ਤੋਂ ਭਲਾ ਧਨ ਜੋ ਹੋਰ ਕੌਣ ਹੈ ਏਹੁ
ਰੁਪਏ ਇਨਾਂ ਕੇ ਸ਼ਰਧਾ ਵਤੇ ਹੈ ਸੋ ਭੋਜਨ ਬਸਤ੍ਰ ਕਰਕੇ ਏਹ ਖੁਸੀ ਹੋਵਹਿਗੇ ਏ ਬਚਨ
ਬਾਬੇ ਦੇ ਸੁਣਕਰ ਬਾਲੇ ਨੇ ਆਖਿਆ ਮਹਾਰਾਜ ਮਹਿਤੇ ਕਾਲੂ ਦਾ ਡਰ ਹੈ ਉਸਨੇ ਵਣ
ਜ ਕਰਨੇ ਵਾਸਤੇ ਤੁਹਾਨੂੰ ਰੁਪਏ ਦਿਤੇ ਹੈਨ ਅਤੇ ਸੁਭਾਵ ਦਾ ਭੀ ਕਠਨ ਹੈ ਸੋ ਤੁਸੀ ਜਾਣੋ ਜੇ
ਆਪਦਾ ਅਨ ਸਾਰੀਹਾ ਤੁਸੀ ਮਹਿਤੇ ਕਾਲੂ ਨਾਲ ਸਮਝ ਲੈਣਾ ਮੇਰੇ ਨਾਲ ਨਾ ਕੋਈ
ਝਗੜਾ ਝਗੜੇ ਮੈਂ ਆਪਦਾ ਅਨੁਸਾਰੀ ਹਾਂ ਆਗੇ ਭੀ ਅਤੇ ਹੁਣ ਭੀ ਜਿਸ ਜਿਸ ਤਰਾਂ
ਆਗਿਆ ਦਿੰਦੇ ਹੋ ਮੈਂ ਉਸੀ ਤਰਾਂ ਕਰਾਂਗਾ ਇਤਨ ਕਹਿ ਰੁਪਏ ਬੀਸ ਭਾਈ ਬਾਲੇ
ਨੇ ਬਾਬੇ ਨਾਨਕ ਜੀ ਦੇ ਹਥ ਦੇ ਦਿਤੇ ਸੋ ਰੁਪਏ ਲੈਕਰ ਗੁਰੂ ਜੀ ਸੰਤਾਂ ਕੇ ਪਾਸ ਜਾਇ ਬੈਠੇ
ਅਰ ਕੋਮਲ ਬਾਣੀ ਸੇ ਪ੍ਰਤਿ ਸੰਤਨ ਨਮਸਕਾਰ ਕਰੀ ਕਰੁਣਾ ਨਿਧਾਨ ਗੁਰੂ ਨਾਨਕ ਜੀ ਨੇ
ਪੁਛਿਆ ਮਹੰਤ ਜੀ ਆਪ ਬਸਤ੍ਰ ਕਿਉਂ ਨਹੀਂ ਪਹਿਰਤੇ ਹਾਥ ਨਹੀ ਆਂਵਦਾ ਕਿ ਪਹਿਨਦੇ
ਹੈਨ ਸੀਤ ਰਤ ਵਿਚ ਧੂਪ ਪਾਲਾ ਸਹਦੇ ਗਰਮੀ ਸਹਾਰਦੇ ਹੋ ਬਰਖਾ ਪੜਤੀ ਵਿਚ
ਬਸਦੇ ਮਹਿੰਤੇ ਹੋ ਆਪਣੇ ਸਰੀਰ ਦੇ ਉਪਰ ਜੋ ਉਤੇ ਹੈ ਭਸਮ ਲਗਾਇ ਰਾਖੀ ਹੈ ਇਤ
ਨੇ ਸੁਨ ਕਰ ਸੰਤ ਨੂੰ ਕਹਿਆ ਹੇ ਭਾਈ ਹਮ ਨਿਰਬਾਣ ਸਾਧੂ ਹੈਂ ਬਸਤ੍ਰ ਕਾ ਸੰਜਮ ਨਹੀ
ਰਖਦੇ [illegible] ਅਰ ਤੇਰੇ ਕੋ ਕਿਆ [illegible] ਹੈ ਪੂਛਣੇ ਕਾ ਤਾਂ ਬਾਲੇ ਕਹਿਆ ਨਾ
[illegible] ਜੀ ਤੂੰ ਚਲਕੇ ਸਉਦਾ ਖਰੀਦ ਕੇ [illegible] ਨੇ ਕਹਿਆ ਹੇ ਤਾਂ ਨਾਨਕ ਜੀ ਆਖ

ਆ ਬਾਲਾ ਮੈਨੂੰ ਪਿਤਾ [illegible] ਖਰੀਦਣ ਆਖਿਆ ਹੈ ਬਾਲਾ ਤੂੰਭੀ ਮਸਲ
ਤ ਖਰੇ ਸਉਦੇ ਖਰੀਦਣ ਦੀ ਦੇਹੁ ਮੈਂ ਖਰਾ ਸੌਦਾ ਕਰਾਂ ਤਾਂ ਬਾਲੇ ਕਹਿਆ ਮੈਂ ਕਿਆ
ਆਖਣਾ ਹੈ ਤੂੰ ਪੁਤ੍ਰ ਹੈਂ ਓਹ ਪਿਤਾ ਹੈ ਤਾਂ ਫੇਰ ਗੁਰੂ ਨਾਨਕ ਜੀ ਨੇ ਆਖਿਆ ਸੰਤ ਜੀ ਤੁ
ਮ ਬਸਤ੍ਰ ਤੋ ਨਹੀ ਪਹਿਰਤੇ ਤਉ ਭੋਜਨ ਭੀ ਨਹੀਂ ਕਰਦੇ ਹੋਵੋਗੇ ਤਾਂ ਫੇਰ ਮਹੰਤ ਨੇ ਕਹਿ
ਆ ਅਰੇ ਬਾਲਕੇ ਜੋ ਪ[illegible] ਭੇਜਤਾ ਹੈ ਸੋ ਹਮ ਖਾ ਲੇਤੇ ਹੈਂ ਅਤੇ ਹਮ ਤੋ ਉਦਾ
ਸੀ ਹੈ ਇਸੀ ਵਾਸਤੇ ਹਮ ਉਦਿਆਨੋਂ ਮਾਹਿ ਬਸਤੇ ਹੈਂ ਵਸਤੀ ਮੇਂ ਨਹੀਂ ਵਸਦੇ ਤ
ਉ ਗੁਰੂ ਨਾਨਕ ਜੀ ਨੇ ਕਹਿਆ ਆਪਕਾ ਨਾਮ ਕਿਆ ਹੈ ਸੰਤ ਨੇ ਕਹਿਆ ਨਾਮ ਹਮ
ਰਾ ਸੰਤ ਰੇਨ ਹੈ ਸੁਨਕਰ ਨਾਨਕ ਜੀ ਬੜੇ ਪ੍ਰਸਿੰਨ ਹੂਏ ਅਰ ਕਹਿਓਨੇ ਹੇ ਬਾਬਾ ਏ
ਹ ਸੌਦਾ ਮੈਂ ਨਹੀ ਛਡ ਸਕਦਾ ਏਹੁ ਖਰਾ ਸੌਦਾ ਹੈ ਇਸ ਮੇਂ ਤੋਟਾ ਨਹੀ ਵਾਧਾ ਹੀ ਹੈ ਤਾਂ
ਬਾਲੇ ਕਹਿਆ ਨਾਨਕ ਜੀ ਤੁਸੀ ਜਾਣੋ ਅਤੇ ਕਾਲੂ ਜਾਣੇ ਅਤੇ ਮੇਰੀ ਜਾਣੇ ਏਹ ਖ
ਰਾ ਸਉਦਾ ਹੈ ਯਾ ਖੋਟਾ ਹੈ ਤਾਂ ਗੁਰੂ ਨਾਨਕ ਜੀ ਵੀਹ ਰੁਪਏ ਲੇਕੇ ਬਾਲੇ ਪਾਸੋਂ ਮਹੰਤ
ਦੇ ਅੰਗੇ ਰਖੇ ਤਾਂ ਮਹੰਤ ਨੇ ਆਖਿਆ ਅਰੇ ਬਾਲਕੇ ਏਹੁ ਰੁਪਏ ਹਮਾਰੇ ਕਿਸੇ ਕਾਮ
ਨਹੀਂ ਤੁਮ੍ਹਾਰੇ ਬਾਪ ਨੇ ਬੇਪਰ[illegible] ਦੀਏ ਹੈਂ ਅਤੇ ਤੂੰ ਫਕੀਰੋਂ ਕੋ ਕਿਉਂ ਦੇਤਾ ਹੈਂ ਤੇ
ਰੀ ਅਵਸਥਾ ਛੋਟੀ ਹੈ ਅਤੇ ਤੇਰਾ ਬਿਵਹਾਰ ਪਿਤਾ ਦੇ ਅਧੀਨ ਹੈ ਸੋ ਬਾਪ ਨੇ ਤੇਰੇ
ਕੋ ਕਿਸੀ ਕਾਮ ਦੇ ਵਾਸਤੇ ਭੇਜਾ ਹੈ ਤੂੰ ਰੁਪਏ ਫਕੀਰਾਂ ਨੂੰ ਦਿੰਦਾ ਹੈ ਤਉ ਨਾਨਕ ਜੀ
ਨੇ ਕਹਿਆ ਸੁਣੋ ਸੰਤ ਜੀ ਮੈਨੂੰ ਪਿਤਾ ਨੇ ਖਰਾ ਸੌਦਾ ਕਰਨੇ ਨੂੰ ਭੇਜਿਆ ਹੈ ਸੋ ਏਹ
ਖਰਾ ਸੌਦਾ ਹੈ ਤੇ ਹੋਰ ਸੌਦੇ ਖੋਟੇ ਹੈਨ ਤਾਂ ਮਹੰਤ ਨੇ ਕਹਿਆ ਹੇ ਲੜਕੇ ਤੇਰਾ ਨਾਉ ਕਿਆ
ਹੈ ਅਰ ਤੂੰ ਹੂੰਦਾ ਕੌਣ ਹੈਂ ਤਾਂ ਨਾਨਕ ਜੀ ਕਹਿਆ ਮੇਰਾ ਨਾਮ ਤੋ ਨਾਨਕ ਨਿਰੰਕਾਰੀ
ਹੈ ਅਤੇ ਕਾਲੂ ਖਤ੍ਰੀ ਦਾ ਪੁਤ੍ਰ ਹਾਂ ਤਾਂ ਮਹੰਤ ਬੋਲਿਆ ਅਰੇ ਬਾਲਕੇ ਏਹੁ ਕਿਆ
ਨਾਨਕ ਨਿਰੰਕਾਰੀ ਕਿਆ ਅਰ ਖਤ੍ਰੀ ਕਾ ਬੇਟਾ ਕਿਆ ਤਾਂ ਗੁਰੂ ਨਾਨਕ ਜੀ ਕਹਿਆ
ਹੇ ਮਹੰਤ ਜੀ ਪਹਿਲੇ ਸਤ ਜੁਗ ਵਿਚ ਨਿਰੰਕਾਰ ਜੀ ਕੀ ਭਗਤ ਕਰੀ ਥੀ ਸੋ ਭਗਤ
ਹਮਾਰੀ ਪੂਰੀ ਨ ਹੋਈ ਥੀ ਤ੍ਰੇਤੇ ਜੁਗ ਮੇਂ ਅਰ ਦੁਆਪੁਰ ਜੁਗ ਮੇਂ ਨਿਰੰਕਾਰ ਜੀ ਕੀ ਭ
ਗਤ ਕਰੀ ਥੀ ਸੋ ਸੰਪੂਰਨ ਹੁਈ ਤਦ ਭੀ ਹਮ ਨਿਰੰਕਾਰੀ ਥੇ ਅਬ ਭੀ ਨਿਰੰਕਾਰੀ ਹੈਂ
ਤਉ ਮਹੰਤ ਨੇ ਕਹਿਆ ਅਰੇ ਬਾਲਕੇ ਕੁਛ ਮਾਂਗ ਤਾਂ ਗੁਰੂ ਜੀ ਕਹਿਆ ਮੈਂ ਕਿਆ ਮਾਂ
ਗਉਂ ਏਕ ਨਿਰੰਕਾਰ ਹੀ ਮੰਗਤਾ ਹੈਂ ਮਹੰਤ ਨੇ ਕਹਿਆ ਹੇ ਬਾਲਕੇ ਤੂੰ ਤੋ ਆਪ ਹੀ ਨਿ
ਰੰਕਾਰ ਹੋਇ ਰਹਿਆ ਹੈਂ ਹਮ ਤੁਮ੍ਹਾਰੇ ਕਿਆ ਦੇਵਹਿ ਪਰ ਏਕ ਕਾਮ ਕਰ ਏਹ ਰੁਪ
ਏ ਹਮਾਰੇ ਕਾਮ ਨਹੀਂ ਇਨਕਾ ਸੀਧਾ ਤੁਮ ਜਾਇ ਕਰ ਲਿਆਇ ਦੇਵੋ ਜੋ ਏਹ ਫਕੀਰ [illegible]

ਜਨ ਬਨਾਇ ਕਰ ਖਾਣੇ ਗੋਤ ਬ ਗੁਰੂ ਨਾਨਕ ਜੀ ਨੇ ਬਾਲੇ ਤੋਂ ਰੁਪਏ ਲੈਕਰ ਇਕਸ
ਨਗਰੀ ਮੈਂ ਗਏ ਆਟਾ ਚਾਵਲ ਘਿਉ ਖੰਡ ਬੂਰਾ ਬਰਤਨ ਸਭ ਕੁਛ ਲੈ ਕਰ ਸੰਤਾਂ
ਦੇ ਪਾਸ ਲਿਆਏ ਇਕਰ ਰਖ ਦੀਏ ਅਰ ਮਥਾ ਟੇਕਿਆ ਮਹੰਤ ਬੋਲਿਆ ਹੇ ਨਾਨਕ
ਜੀ ਤੁਮ ਆਪ ਨਿਰੰਕਾਰ ਰੂਪ ਹੋ ਨਿਰੰਕਾਰ ਹੀ ਨਾਨਕ ਰੂਪ ਧਾਰਿਆ ਹੈ ਅਸਾਂ ਨੇ ਅੱਛੀ
ਤਰਾਂ ਖੋਜ ਦੇਖਿਆ ਹੈ ਸਤ ਬ੍ਰਤ ਇਨ ਅਤੀਤਾਂ ਕੇ ਬੀਤ ਗਏ ਹੈਨ ਸੱਤ ਦਿਨ ਭੁੱਖਿਆਂ
ਲੰਘ ਗਏ ਹੈਨ ਹੇ ਸੰਤ ਰੂਪ ਨਾਨਕ ਜੀ ਅਬ ਤੁਮ ਜਾਵੋ ਤਾਂ ਗੁਰੂ ਨਾਨਕ ਜੀ ਮਥਾ ਟੇ
ਕਿਆ ਅਰ ਬਾਲੇ ਕੇ ਸਾਥ ਲੈ ਕਰ ਉਠ ਚਲੇ ਜਬ ਬਾਬਾ ਜੀ ਉਠ ਆਏ ਤਾਂ ਉਸ ਮ
ਹੰਤ ਨੂੰ ਇਕ ਅਤੀਤ ਨੇ ਆਕੇ ਪੁਛਿਆ ਜੋ ਮਹੰਤ ਜੀ ਇਸ ਬਾਲਕ ਕੋ ਕਉ ਤੁਮ ਨੇ ਉ
ਠਾਇ ਕਿਉਂ ਦੀਆ ਉਸ ਨੇ ਤੁਮਾਰੀ ਸੇਵਾ ਕਰਨੀ ਸੀ ਤਾਂ ਮਹੰਤ ਨੇ ਕਹਿਆ ਸੁਣੋ ਅਤੀ
ਤ ਜੀ ਓਹ ਆਪ ਹੀ ਨਿਰੰਕਾਰ ਥਾ ਅਰ ਹਮਾਰੀ ਖਬਰ ਕੇ ਵਾਸਤੇ ਆਇਆ ਸੀ ਨਿਰੰਕਾ
ਰ ਜੀ ਨੇ ਭੇਜਿਆ ਥਾ ਹਮ ਤੇ ਆਪਣਾ ਸੀਧਾ ਲੈਣਾ ਥਾ ਅਰ ਸੇਵਾ ਨਹੀਂ ਕਰਾਉਣੀ
ਸੀ ਅਰ ਉਸ ਕਾ ਤੇਜ ਹਮਾਰੇ ਸੇ ਸਹਾਰਿਆ ਨਹੀ ਜਾਤਾ ਥਾ ਇਸੇ ਵਾਸਤੇ ਹਮ ਨੇ ਉ
ਸ ਕੋ ਵਿਦਾ ਦਈ ਹੈ ਅਤੇ ਗੁਰੂ ਨਾਨਕ ਜੀ ਉਨ ਸਾਧਾਂ ਕੇ ਲੋਂ ਉਠ ਕਰ ਜਾਂ ਦੋ ਤਿਨ ਕੋ
ਸ ਆਏ ਤਾਂ ਗੁਰੂ ਨਾਨਕ ਜੀ ਬਾਲੇ ਨੂੰ ਪੁਛਣ ਲਗੇ ਜੋ ਭਾਈ ਬਾਲਾ ਅਸਾਂ ਕਿਆ ਕੀ
ਤਾ ਤਾਂ ਬਾਲੇ ਆਖਿਆ ਜੁ ਨਾਨਕ ਜੀ ਮੈਂ ਕੁਛ ਰੁਪਏ ਖਾਇ ਨਹੀ ਲੀਤੇ ਤੁਸਾਂ ਮੰਗੇ
ਸੇ ਮੈਂ ਤੁਹਾਨੂੰ ਕਢ ਦਿਤੇ ਹੈਸਨ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਬਾਲਾ ਅਸੀ ਭੁਲੇ
ਕਿਉ ਤਾਂ ਬਾਲੇ ਆਖਿਆ ਹੇ ਨਾਨਕ ਜੀ ਤੂ ਜਾਣ ਜੇ ਭੁਲਾ ਹੈਂ ਤਾਂ ਤੂ ਜਾਣ ਜੇ ਨਹੀ ਭੁਲਾ
ਤਾਂ ਤੂ ਜਾਣ ਜੈਸੇ ਅਲਾਹ ਤੁਸੀ ਹੋ ਤੈਸਾ ਹੀ ਅਲਾਹ ਮੈਂ ਹਾਂ ਅਗੇ ਕਾਲੂ ਜਾਣੇ ਯਾ ਤੁਸੀ
ਜਾਣੋ ਐਸੇ ਬਾਤਾਂ ਕਰਦੇ ਕਰਦੇ ਤਿਲਵੰਡੀ ਦੇ ਨਿਕਟ ਪਹੁੰਚੇ ਤਾਂ ਨਾਨਕ ਜੀ ਤੁਰ ਦੀ ਪ
ਰ ਪਾਸੇ ਗਾਉਂ ਮੈਂ ਨਾ ਵੜੇ ਇਕ ਤਲਾਉ ਸੀ ਪਾਣੀ ਉਸ ਮੇਂ ਨਹੀ ਥਾ ਵਹਾਂ ਬੈਠ ਰਹੇ ਅ
ਰ ਬਾਲਾ ਆਪਣੇ ਘਰ ਆਇ ਵੜਿਆ ਤੇ ਗੁਰੂ ਨਾਨਕ ਜੀ ਘਰ ਵੜਿਓ ਨਾਹੀ ਬਾਹ
ਰ ਹੀ ਰਹੇ ਤਾਂ ਕਾਲੂ ਨੂੰ ਖਬਰ ਹੋਈ ਜੋ ਬਾਲਾ ਘਰ ਆਇ ਵੜਿਆ ਹੈ ਆਪਣੇ ਤੇ ਨਾ
ਨਕ ਜੀ ਨਹੀ ਆਇਆ ਤਾਂ ਕਾਲੂ ਨੇ ਨਫਰ ਭੇਜ ਕੇ ਬਾਲੇ ਨੂੰ ਬੁਲਾਇਆ ਤਾਂ ਬਾਬ
ਕਾਲੂ ਜੀ ਦੀ ਫੁਰਮਾਨ ਸੁਣ ਕਰ ਘਰ ਥੀ ਆਇਆ ਜਬ ਪਾਸ ਆਇਆ ਤਾਂ ਕਾ
ਲੂ ਨੇ ਪੁਛਿਆ ਅਵੇ ਬਾਲਾ ਨਾਨਕ ਜੀ ਕਿਥੇ ਰਹੀ ਅਤੇ ਰੁਪਏ ਕਿਥੇ ਹੈਨੀ ਅਰੇ ਕਿ
ਤੇ ਰੁਸ ਰਿਹਾ ਹਈ ਅਰੇ ਕਿਸੇ ਵਪਾਰ ਵਿਚ ਲਗਾ ਰਿਹਾ ਹੈ ਤਾਂ ਬਾਲੇ ਨੇ ਆਖਿਆ
ਹੇ ਮਹਿਤਾ ਜੀ ਨਾਨਕ ਜੀ ਬਾਰ ਕੋਹ ਪੈਂਡਾ ਸਦ ਗਏ ਤਾਂ ਇਕ ਬਨ ਆਇਆ ਇਕ

ਸਿਤ ਮੰਡਲੀ ਵਾਂ ਉਤਰੀ ਹੋਈ ਥੀ ਤਿਨਾਂ ਨੂੰ ਦੇਖਕੇ ਜਾਂਦਿਆਂ ਜਾਂਦਿਆਂ ਖੜੇ ਹੋ ਗ
ਏ ਅਤੇ ਰੁਪਏ ਮੇਵੇ ਲੈਕੇ ਉਨਾਂ ਫਕੀਰਾਂ ਨੂੰ ਖਵਾਇ ਦਿਤੇ ਹੈਨ ਤਾਂ ਕਾਲੂ ਨੇ ਆਖਿਆ
ਅਵੇ ਬਾਲਾ ਮੈਂ ਜੋ ਤੈਨੂੰ ਨਾਨਕ ਦੇ ਨਾਲ ਭੇਜਿਆ ਆਸੀ ਸੋ ਇਸੇ ਵਾਸਤੇ ਭੇਜਿਆ ਆਸੀ ਜੋ
ਰੁਪਏ ਫਕੀਰਾਂ ਨੂੰ ਖਵਾਇ ਆਵੇ ਤਾਂ ਬਾਲੇ ਨੇ ਆਖਿਆਂ ਹੇ ਮਹਿਤਾ ਜੀ ਤੈਂ ਜੋ ਨਾਨਕ
ਨੂੰ ਖਰਾ ਸੌਦਾ ਕਰਨ ਵਾਸਤੇ ਆਖਿਆ ਆਸੀ ਜੋ ਤੂੰ ਖਰਾ ਸੌ [illegible] ਜੀ ਨੇ
ਖਰਾ ਸੌਦਾ ਕੀਤਾ ਹਈ ਭਾਵੇ ਨੁਕ ਛਾਵੇ ਨਾਹੀ ਨੁਕ ਤਾਂ ਕਾਲੂ ਨੇ ਕਹਿਆ ਹੇ ਬਾਲਾ
ਤੂੰ ਮੈਨੂੰ ਦਸ ਤਾਂ ਸਹੀ ਜੋ ਨਾਨਕ ਹੁਣ ਕਿਥੇ ਹੈ ਈ ਤਾਂ ਭਾਈ ਬਾਲਾ ਅਤੇ ਕਾਲੂ ਨਾਨ
ਕ ਜੀ ਨੂੰ ਢੂੰਡਣ ਵਾਸਤੇ ਚਲੇ ਅਤੇ ਮਾਤਾ ਤ੍ਰਿਪਤਾ ਜੀ ਸੁਣ ਕਰ ਬਹੁਤ ਸੋਕਵੰਦ ਹੋਇਕ
ਰ ਪਛੋਤਾਵਣੇ ਲਾਗੀ ਅਤੇ ਨਾਨਕ ਜੀ ਦੇ ਢੂੰਡਣ ਵਾਸਤੇ ਹੋਰ ਨਫਰਾਂ ਨੂੰ ਦੌੜਾਇ
ਆ ਅਤੇ ਨਾਨਕੀ ਜੀ ਨੂੰ ਭੇਜਿਆ [illegible] ਕਹਿਆ ਹੇ ਬੀਬੀ ਤੇਰੇ ਪਿਤਾ ਕਉ ਬਹੁਤ
ਕ੍ਰੋਧ ਹੋਇ ਰਿਹਾ ਹੈ ਦੇਖੁ ਨਾਨਕ ਜੀ ਕਉ ਕੁਛ ਦੁਖ ਨ ਦੇਵੇ ਤਾਂ ਅਗੇ ਅਗੇ ਕਾਲੂ ਤੇ
ਭਾਈ ਬਾਲਾ ਚਲੇ ਜਾਂਦੇ ਸੇ ਤਲਵੰਡੀ ਦੇ ਬਾਹਰ ਜਹਾਂ ਸ੍ਰੀ ਨਾਨਕ ਜੀ ਬੈਠੇ ਥੇ ਬਾਲੇ ਨੇ
ਕਾਲੂ ਨੂੰ ਨਾਲ ਲੈਕੇ ਜਾਇ ਦਿਖਾਇਆ ਤਾਂ ਕਾਲੂ ਨੇ ਜਾਇ ਕਰ ਦੇਖਿਆ ਬਹੁਤ ਕ੍ਰੋਧਮ
ਇਆ ਪਕੜ ਲੀਤਾ ਅਤੇ ਪੁਛਿਆ ਅਵੇ ਨਾਨਕ ਵੀਹ ਰੁਪਏ ਜੋ ਤੈਨੂੰ ਦਿਤੇ ਸਨ ਸੋ ਕਿ
ਥੇ ਹੈਨੀ ਤਾਂ ਗੁਰੂ ਨਾਨਕ ਜੀ ਅਗੋਂ ਚੁਪ ਕਰ ਰਹੇ ਬੋਲੇ ਨਾਹੀ ਤਾਂ ਫੇਰ ਕਾਲੂ ਨੇ ਗੁਸਾਖ
ਇਕਰ ਨਾਨਕ ਜੀ ਨੂੰ ਦੋਇ ਤਮਾਚੇ ਸਜੇ ਹਥ ਦੇ ਖਬੀ ਗਲ੍ਹ ਉਪਰ ਮਾਰੇ ਅਤੇ ਸਜੀ
ਗਲ੍ਹ ਤੇ ਦੋਇ ਤਮਾਚੇ ਖਬੇ ਹਥ ਦੇ ਮਾਰੇ ਇਤਨੇ ਚਿਰ ਨੂੰ ਬੀਬੀ ਨਾਨਕੀ ਜੀ ਪਹੁੰਚੀ
ਪਿਤਾ ਦੇ ਅਗੇ ਮਥਾ ਟੇਕਿਆ ਅਤੇ ਮੁਖ ਤੇ ਕਹਿਆ ਹੇ ਪਿਤਾ ਜੀ ਅਬ ਬਖਸੀਏ
ਨਾਨਕ ਜੀ ਦੀਆਂ ਗਲਾਂ ਤੇ ਨੀਲ ਪੈ ਗਏ ਪਰ ਗੁਰੂ ਨਾਨਕ ਬੋਲੇ ਕਿਛ ਨਾਹੀ ਨੇੜ ਤੇ ਜ
ਲਦਿਆਂ ਜਾਂਦੇ ਤਾਂ ਇਕਸ ਆਦਮੀ ਨੇ ਰਾਇ ਬੁਲਾਰ ਨੂੰ ਜਾਇ ਕਰ ਆਖਿਆ ਹੇ
ਰਾਇ ਜੀ ਕਾਲੂ ਪਟਵਾਰੀ ਨੇ ਪੁਤ੍ਰ ਨੂੰ ਡਾਢੀ ਮਾਰ ਮਾਰੀ ਹੈ ਅਤੇ ਨਾਨਕੀ ਨੇ ਮੰਥਾ ਟੇਕ
ਕੇ ਛੁਡਵਾਇਆ ਹੈ ਏਹ ਸੁਣਕੇ ਰਾਇ ਬੁਲਾਰ ਨੇ ਆਦਮੀ ਭੇਜਕੇ ਮਹਿਤੇ ਕਾਲੂ
ਨੂੰ ਸਦਿਆ ਤਾਂ ਆਦਮੀ ਆਇਆ ਆਇਕੇ ਕਹਿਆ ਹੇ ਕਾਲੂ ਤੈਨੂੰ ਰਾਇ ਜੀ ਬੁਲ
ਵਦਾ ਹੈ ਅਤੇ ਗੁਰੂ ਨਾਨਕ ਜੀ ਨੂੰ ਭੀ ਲੈ ਚਲ ਤਾਂ ਅਗੋਂ ਕਾਲੂ ਆਖਿਆ ਉ ਸਾਆਦਮੀ ਨੂੰ
ਸੁਣ ਭਾਈ ਮੈਂ ਕਿਆ ਕਰਾਂ ਮੈਂ ਇਸ ਨੂੰ ਆਖ ਆਖ ਕੇ ਥਕ ਪਿਆ ਹਾਂ ਏਹੁ ਮੈਂ ਨਦਰ
ਈ ਨਹੀ ਇਸ ਨੂੰ ਮੈਂ ਕਿਆ ਲੈ ਚਲਾਂ ਇਸ ਪੁਤ੍ਰ ਨੇ ਮੇਰੀ ਚੌੜ ਕਰ ਛਡਿਆ ਹੈ ਪਰ ਛਡਿਆ
ਹੈ ਸ ਤਾਂ ਉਸ ਰਾਇ ਦੇ ਆਦਮੀ ਆਖਿਆ ਕਾਲੂ ਤੂੰ ਉਥੇ ਤਾਂ ਚਲ ਤਾਂ ਬਾਬਾ ਨਾਨਕ ਜੀ

ਅਤੇ ਕਾਲੂ ਰਾਇ ਬੁਲਾਰ ਦੇ ਪਾਸ ਪਹੁਤੇ ਤਾਂ ਰਾਇ ਬੁਲਾਰ ਦਾ ਦੇਖਦਿਆ ਹੀ ਗੁਰੂ
ਨਾਨਕ ਜੀ ਨੂੰ ਤੇ ਕਾਲੂ ਨੂੰ ਬੈਰਾਗ ਛੁਟਿ ਗਿਆ ਅਤੇ ਨਾਨਕ ਜੀ ਨੂੰ ਰਾਇ ਨੇ ਬਗਲ
ਵਿਚ ਲੀਤਾ ਅਤੇ ਮਥਾ ਚੁੰਮਿਓਸ ਅਤੇ ਕਾਲੂ ਨੂੰ ਦੇਖ ਕੇ ਬਡਾ ਕ੍ਰੋਧ ਵਿਚ ਆਇਆ
ਅਤੇ ਆਖਿਓਸ ਸੁਣ ਕਾਲੂ ਮੈਂ ਤੈਨੂੰ ਕਹਿਆ ਸੀ ਜੋ ਤੂੰ ਨਾਨਕ ਜੀ ਨੂੰ ਬੁਰਾ ਨ ਬੋਲੀ
ਅਤੇ ਤੂੰ ਨਾਨਕ ਜੀ ਨੂੰ ਅਜੇਹੀ ਮਾਰ ਮਾਰੀ ਹੈ ਦੇਖ ਕੇ ਲੋਕ ਤ੍ਰਾਸ ਤ੍ਰਾਸ ਕਰਦੇ ਹੈਨ ਦੁ
ਖੀ ਹੋਂਵਦੇ ਹੈਨ ਸੁਣੇ ਕਾਲੂ ਨਾਂ ਤੈਨੂੰ ਮੇਰਾ ਕਹਿਆ ਭਾਵੈ ਨਾਂ ਤੈਨੂੰ ਪਰਮੇਸਰ ਦਾ ਡਰ ਅਤੇ
ਨਾਂ ਤੈਨੂੰ ਪੁਤ੍ਰ ਦਾ ਮੋਹ ਹੋਇਆ ਜੋ ਮੇਰੇ ਘਰ ਇਕੋ ਪੁਤ੍ਰ ਹੈ ਕਾਲੂ ਤੂੰ ਵਡਾ ਰਾਕਸ ਹੈਂ ਤੇ
ਰੇ ਘਰ ਦੇ ਗੁਰੂ ਨਾਨਕ ਲਾਇਕ ਨਾਹੀ ਅਤੇ ਮੈਂ ਕਿਆ ਕਰਾਂ ਜਾਂ ਇਸ ਨੂੰ ਮੈਂ ਆਪਣੇ ਘ
ਰ ਵਿਚ ਨਹੀ ਰਖ ਸਕਦਾ ਅਤੇ ਇਸ ਨੂੰ ਆਪਣੀ ਖਬਰ ਨਾਹੀ ਤੂੰ ਇਸ ਦੀ ਅਵਗਿ
ਆ ਜਿਤਨੀ ਕਰਦਾ ਹੈਂ ਸੋ ਹਛੀ ਨਹੀ ਕਰਦਾ ਇਸ ਨੂੰ ਜਿਤਨਾ ਤ੍ਰਾਸ ਦੇਨਾ ਹੈ ਬਹੁਤ ਬੁ
ਰਾ ਕਰਦਾ ਹੈਂ ਏਹ ਸਾਰੇ ਦੇਸ ਮੈਨੂੰ ਲਗਦੇ ਹੈਨ ਏਹੁ ਕਲਾਵਾਲਾ ਲੋਕ ਹੈ ਪਰਮੇਸ
ਰ ਦਾ ਵਲੀ ਹੈ ਅਤੇ ਰਾਇ ਦੀ ਅਖੀਆਂ ਤੇ ਜਲ ਟੁਰਿਆ ਜਾਵੈ ਤੇ ਬੈਰਾਗ ਥੀਮੀਏ
ਨਾਹੀ ਬਾਬੇ ਜੀ ਦੇ ਮੋਹ ਕਰਕੇ ਕੰਠ ਰਾਇ ਦਾ ਗਦ ਗਦ ਹੋਇ ਗਇਆ ਕਾਲੂ ਦੇ
ਖੇ ਸੁਭਾਵ ਕਰਕੇ ਰਾਇ ਜੀ ਦਾਂ ਤ੍ਰੈ ਪਕਰਕੇ ਤਨ ਥਰ ਥਰ ਕੰਪਤਾ ਹੈ ਅਤੇ ਕਹਿਆ ਸੁ
ਣ ਕਾਲੂ ਅਜ ਤੀਕਰ ਮੈਂ ਤੈਨੂੰ ਕਦੀ ਖੋਟਾ ਬਚਨ ਨਹੀ ਕਹਿਆ ਅਤੇ ਅਜ ਮੈਂ ਤੈਨੂੰ ਆ
ਖਦਾ ਹਾਂ ਸੁਣ ਸਈਯਾਂ ਦਾ ਕੰਮ ਕੀਤਾ ਤੂੰ ਨਾਨਕ ਨੂੰ ਐਸੀ ਮਾਰ ਮਾਰ ਨੀ ਆਹੀ ਜੋ ਉ
ਸ ਦੇ ਮੂੰਹ ਤੇ ਐਸੇ ਦਾਗ ਪਾਇ ਦਿਤੇ ਨੀ ਤੂੰ ਬਡਾ ਜਲਾਦ ਹੈ ਬਡਾ ਕਠੋਰ ਹੈਂ ਤਾਂ ਕਾਲੂ ਡ
ਰਕੇ ਲਗਾ ਆਖਣ ਰਾਇ ਜੀ ਮੈਂ ਕਿਆ ਕਰਾਂ ਤੁਸੀ ਜਦ ਕਦ ਮੇਰੇ ਨਾਲ ਹੀ ਲੜਦੇ
ਹੋ ਮੈਂ ਇਸ ਨੂੰ ਬਹੁਤੇਰਾ ਸਿਖਾਇ ਸਮਝਾਇ ਰਹਿਆ ਹਾਂ ਕਿ ਸੁਣ ਨਾਨਕ ਤੂੰ ਮੇਰੇ ਘਰ
ਇਕੋ ਇਕ ਪੁਤ੍ਰ ਹੈਂ ਸਿਆਣਾ ਹੋਹੁ ਮੈਂ ਵੀਹ ਰੁਪਏ ਇਸ ਨੂੰ ਦਿਤੇ ਹੈਸਨ ਅਤੇ ਨਾਲ ਇਸ
ਦੇ ਨਾਲ ਬਾਲਾ ਦਿਤਾ ਸੀ ਸੋ ਬਾਲਾ ਆਖਣ ਲਗਾ ਮਹਿਤਾ ਜੀ ਨਾਨਕ ਨੇ ਜਾਂਦਿਆਂ ਹੀ
ਰੁਪਏ ਫਕੀਰਾਂ ਨੂੰ ਖਵਾਇ ਦਿਤੇ ਹੈਸ ਦੇਖੋ ਕਿਤਨਾ ਹਛਾ ਕੰਮ ਕੀਤਾ ਹੈਸ ਜਿਸ ਦਿਨ
ਦਾ ਏਹੁ ਜੰਮਿਆ ਹੈ ਤੇ ਸੁਰਤ ਸੰਭਾਲੀ ਹੈ ਕਈ ਵਾਰੀ ਇਸ ਨੇ ਘਰ ਉਜਾੜਿਆ ਹੈ
ਹੁਣ ਰੁਪਏ ਤਾਂ ਦਿਤੇ ਬਾਹਰ ਜੰਗਲ ਵਿਚ ਜਿਥੇ ਪਾਣੀ ਭੀ ਨਹੀ ਮਿਲਦਾ ਉਥੇ ਲੁਕ ਬੈ
ਠਾ ਬਾਲੇ ਘਰ ਆਏ ਨੂੰ ਪੁਛਿਆ ਤਉ ਇਸ ਨੇ ਦਸਿਆ ਹੈ ਏਹ ਸੁਣ ਕਰ ਰਾਇ ਬੁ
ਲਾਰ ਨੇ ਬਾਲੇ ਨੂੰ ਸਦ ਕੇ ਪੁਛਿਆ ਭਾਈ ਬਾਲੇ ਸਭ ਹਕੀਕਤ ਸੁਣਾਈ ਜਿਉਂ ਬੀਤੀ
ਸੀ ਰਾਇ ਏਕੋ ਤਾਂ ਰਾਇ ਜੀ ਕਾਲੂ ਨੂੰ ਆਖਿਆ ਸੁਣ ਕਾਲੂ ਤੇਰੀ ਪਰਾਰਬਧ ਖੋਟੀ ਹੈ ਤੂੰ ਇ

ਸਨਨਕਦਾ ਕਦਰ ਨਹੀਂ ਜਾਣਦਾ ਜਿਉ ਕਿਸੇ ਪਾਸ ਪਾਰਸ ਹੋਵੈ ਤੇ ਓਹ ਪਥੱਰ ਜਾਣਕੇ ਸੁ
ਟ ਦੇਵੈ ਅਰ ਕੌਡੀਆਂ ਦੇ ਮਗਰ ਫਿਰੇ ਜਿਸ ਤਰਾਂ ਕਿਸੇ ਅਜਾਣ ਨੂੰ ਜਵਾਹਰ ਮਿਲੇਆ
ਹ ਓਹ ਉਸ ਦੀ ਸਾਰ ਨਹੀਂ ਜਾਣਦਾ ਇਸੀ ਤੇ ਕਿ ਗਲ ਹੈ ਅਤੇ ਮੈਂ ਕਿਆ ਕਰਾਂ ਮੇਰਾ
ਤਨ ਮੁਸਲਮਾਨ ਹੈ ਏਹੁ ਹਿੰਦੂ ਹੈ ਇਸ ਅਜੋਗਤਾ ਕਰਕੇ ਮੈਂ ਕੁਝੁ ਕਰ ਨਹੀ ਸ
ਕਦਾ ਅਤੇ ਕਾਲੂ ਤੈਨੂੰ ਧਨ ਦੀ ਖਿਸਨਾ ਹੈ ਤਾਂ ਜੇ ਇਨ ਦੇ ਸਰੀਰ ਦਾ ਖਬਰਦਾਰ ਹੈਂ ਅਤੇ ਮੇਰੇ
ਘਰ ਤੈ ਲੈ ਲੀਆ ਕਰ ਇਤਨਾ ਕਹਿ ਕਰ ਰਾਇ ਬੁਲਾਰ ਦਾ ਨੌਕਰ ਤਿਸ ਦਾ ਨਾਮ ਉ
ਮੇਦਾ ਹੈਸੀ ਤਿਸ ਨੂੰ ਰਾਇ ਨੇ ਆਖਿਆ ਜਾਵੇ ਉਮੇਦਾ ਤੂੰ ਮੇਰੇ ਘਰ ਤੇ ਬੀਸ ਰੁਪਏ ਲਿ
ਆਇ ਦੇਹੁ ਕਾਲੂ ਨੂੰ ਤਾਂ ਦਾਹ ਉਮੇਦਾ ਰਾਇ ਬੁਲਾਰ ਦੀ ਰਾਣੀ ਤਿਸ ਦੀ ਜਾਤ ਖੇਖਰਾਂ
ਸੀ ਤਿਸ ਪਾਸੋਂ ਰੁਪਏ ਵੀਹ ਜਾਇ ਮੰਗੇ ਰਾਣੀ ਖੇਖਰਾਂ ਰੁਪਏ ਦਿਤੇ ਨੌਕਰ ਨੇ ਸਈਆ
ਦੇ ਕਾਲੂ ਦੇ ਹਥ ਦਿਤੇ ਕਾਲੂ ਲਏ ਨਾਂਹੀ ਅਤੇ ਰਾਇ ਮੇਰੇ ਨਾਹੀ ਰਾਇ ਬੁਲਾਰ ਨੇ ਆ
ਖਿਆ ਮੈਂ ਕਿਆ ਕਰਾਂ ਜੋ ਮੇਰੇ ਘਰ ਗੁਰੂ ਨਾਨਕ ਜੀ ਰਹਿ ਨਹੀ ਸਕਦਾ ਨਹੀਂ ਤਾਂ ਮੈਂ ਆ
ਪਣੇ ਘਰ ਰਖਾਂ ਅਤੇ ਹੁਣ ਤੇਰੇ ਘਰ ਰਖਦੇ ਹਾਂ   ਅਜ ਕਲ ਕਿ ਥਾਉਂ ਅਸੀ ਨਾਨ
ਕ ਜੀ ਨੂੰ ਸੌਂਪ ਦੇਦੇ ਆਹੇ ਤਾਂ ਕਾਲੂ ਰੁਪਏ ਲੈਂਦੇ ਨਾਹੀ ਅਤੇ ਕਾਲੂ ਕਹੇ ਹੇ ਰਾਇ ਜੀ
ਏਹ ਰੁਪਏ ਕਿਸ ਦੇ ਅਤੇ ਅਸੀਂ ਕਿਸ ਦੇ ਹਾਂ ਅਤੇ ਨਾਨਕ ਕਿਸ ਦਾ ਹੈ ਇਹ ਸਭੁ ਕਿਛੁ
ਆਪ ਦਾ ਹੀ ਹੈ ਕੁਛ ਰੁਪਏ ਨੂੰ ਤਾਂ ਮੈਂ ਨਹੀਂ ਝੂਰਦਾ ਰਾਇ ਨੇ ਕਹਿਆ ਕਾਲੂ ਜੋ ਕੁਛ ਤੂੰ
ਕਰਦਾ ਹੈ ਸੋ ਭਲਾ ਕਰਦਾ ਹੈ ਪਰ ਤੂੰ ਰੁਪਏ ਲੈਇ ਅਤੇ ਜਿਤਨਾ ਫਿਰ ਨਾਨਕ ਜੀ
ਅਪਣਾ ਜਿਆਣ ਹੈ ਤਿਤਨਾ ਫਿਰ ਨਾਨਕ ਜੀ ਦੀ ਖਿਜਮਤ ਅਸੀ ਕਰਾਂਗੇ ਤਾਂ ਫੇ
ਰ ਕਾਲੂ ਰੁਪਏ ਦੇਵੈ ਤੇ ਰਾਇ ਜੀ ਲਵੈ ਨਾਹੀ ਤਾਂ ਉਮੇਦੇ ਆਖਿਆ ਕਾਲੂ ਰੁਪਏ ਹੁ
ਣ ਤੂੰ ਲੈ ਲੈਇ ਅਤੇ ਰਾਇ ਜੀ ਦਾ ਆਖਿਆ ਫੇਰ ਨਾਹੀ ਤਾਂ ਕਾਲੂ ਨੇ ਰੁਪਏ ਲੈ ਲੀਤੇ
ਅਤੇ ਰੁਪਏ ਲੈ ਕਰ ਕਾਲੂ ਹੈਰਾਨ ਹੋਇ ਰਹਿਆ ਰਾਇ ਨੇ ਕਹਿਆ ਕਾਲੂ ਅਜ ਥੀ
ਲੈ ਕਰ ਨਾਨਕ ਜੀ ਨੇ ਪੈਸਾ ਕੌਡੀ ਅਸੀ ਬਣਾਇ ਦੇਵਾਂਗੇ ਖਰਚ ਭੀ ਇਸ ਦਾ ਸਭੁ ਘ
ਰੇ ਲੀਤਾ ਕਰ ਤੂੰ ਮਾਇਆ ਦੇ ਲੋਭੁ ਕਰ ਐਸੇ ਸਤ ਪੁਰਖ ਵਾਲੇ ਨਾਨਕ ਪਰਮੇਸਰ ਦੇ ਪਿ
ਆਰੇ ਨੂੰ ਨਲਾਇਕ ਨਾਂ ਆਖੀ ਜਿਤਨਾ ਤੇਰੇ ਘਰ ਦਾ ਦਰਬ ਗਵਾਇਆ ਹੈ ਨਾਨਕ
ਨੇ ਸੋ ਹਿਸਾਬ ਕਰ ਕੇ ਸਭੁ ਮੇਰੇ ਕੋਲੋ ਲੈ ਲੈ ਰਾਇ ਬੁਲਾਰ ਦੇਵੈ ਤੇ ਕਾਲੂ ਲਵੈ ਨਾਹੀ
ਬਾਰੰਬਾਰ ਰਾਇ ਬੁਲਾਰ ਏਹੀ ਆਖਿਆ ਕਾਲੂ ਤੇਰਾ ਪੁਤ੍ਰ ਜਗਤ ਦੇ ਬੰਧਨਹੁ ਛੁ
ਟੈ ਦਾਸ ਤੇ ਮਾਨੁਖ ਦੇਹ ਧਾਰੀ ਹੈ ਏਹੁ ਤੇਰਾ ਪੁਤ੍ਰ ਤਾਂ ਸੰਤ ਹੈ ਇਸ ਨੂੰ ਦੇਖੀ ਕਦੀ ਰੰਜ ਕ
ਦੇ ਤਾਂ ਕਾਲੂ ਬਹੁ ਖੁਸ਼ਵਕਤ ਹੋਇ ਗਇਆ ਆਪਣੇ ਘਰ ਆਇਆ ਅਤੇ ਤਲਵੰਡੀ ਜਿਤ

ਨੇ ਲੋਕ ਖਤ੍ਰੀ ਬ੍ਰਾਮਣ ਹਿੰਦੂ ਤੁਰਕ ਆਹੇ ਅਤੇ ਜਟ ਬੂਟ ਸੋ ਸਭ ਕਾਲੂ ਨੂੰ ਬੁਰਾ ਬੁਰਾ ਆ
ਖਣ ਲਗੇ ਕੇ ਏਹੀ ਸਲਾਹੇ ਨਾਹੀ ਅਤੇ ਕਹਿਣ ਲਗੇ ਦੇਖੋ ਭਾਈ ਪਹਿਲੇ ਤਾਂ ਕਾਲੂ ਨੇ
ਐਸਾ ਨਿਰਦਈ ਹੋਕੇ ਪੁਤ੍ਰ ਨੂੰ ਮਾਰਿਆ ਹੈ ਚੰਡਾਲ ਦੀ ਤਰਾਂ ਮਾਰ ਪੁਤ੍ਰ ਨੂੰ ਕੀਤੀ ਹੈਸ
ਅਤੇ ਦੂਜਾ ਰਾਇ ਬੁਲਾਰ ਪਾਸੋਂ ਰੁਪਏ ਭੀ ਲੀਤੀ ਹੈਸ ਤਾਂ ਫੇਰ ਅਗਲੇ ਭਲ ਕਾਲੂ
ਰਾਇ ਬੁਲਾਰ ਪਾਸ ਆਇਆ ਅਰ ਆਇ ਕਰ ਰਾਇ ਬੁਲਾਰ ਦੇ ਪੈਰਾਂ ਤੇ ਢਹਿਪ
ਇਆ ਅਤੇ ਆਖਿਓਸ ਰਾਇ ਜੀ ਮੇਰੀ ਜਾਇਗਾ ਹੋਰ ਕੋਈ ਨਹੀ ਏਹ ਰੁਪਏ ਤੁਸੀ
ਆਪਣੇ ਫੇਰ ਲਓ ਜੀ ਤਾਂ ਰਾਇ ਬੁਲਾਰ ਨੇ ਕਹਿਆ ਹੇ ਕਾਲੂ ਏਹ ਰੁਪਏ ਅਸਾਂ ਤੈਨੂੰ
ਨਹੀਂ ਦਿਤੇ ਅਸਾਂ ਤਾਂ ਗੁਰੂ ਨਾਨਕ ਜੀ ਦੇ ਰੁਪਏ ਦੇਵਣੇ ਆਪਣੇ ਸੇ ਅਸਾਂ ਨੈਂ ਦਿਤੇ
ਹੈਨ ਫੇਰ ਅਸੀ ਤੇਰੇ ਪਾਸੋਂ ਰੁਪਏ ਕਾਹੇ ਲਈਏ ਤਾਂ ਕਾਲੂ ਨੇ ਕਹਿਆ ਹੇ ਰਾਇ ਜੀ ਨਾਨ
ਕ ਕੇ ਪਾਸ ਰੁਪਏ ਕਿਥੋਂ ਆਹੇ ਜੋ ਤੁਸਾਂ ਉਸਦੇ ਪਾਸੋ ਉਧਾਰੇ ਲੀਤੇ ਆਹੇ ਤਾਂ ਰਾਇ ਬੁ
ਲਾਰ ਨੇ ਕਹਿਆ ਸੁਣ ਕਾਲੂ ਤੈਨੂੰ ਇਸ ਬਾਤ ਦੀ ਖਬਰ ਕੋਈ ਨਾਹੀ ਜਿਤਨੀ ਮਾਇ
ਆ ਇਸ ਜਹਾਨ ਦੇ ਉਪਰ ਦੁਨੀਆਂ ਦੇ ਵਿਚ ਹੈ ਸਭ ਇਸੇ ਦੀ ਹੈ ਸਭ ਦੌਲਤ ਦੁਨੀ
ਆ ਦਾ ਇਹੁ ਮਾਲਕ ਹੈ ਜਿਤਨੇ ਮੇਰੇ ਘਰ ਵਿਚ ਸੁਖ ਹੈਨ ਘੋੜੇ ਰਥ ਦੌਲਤ ਹੁਕਮ ਏ
ਹ ਸਭ ਨਾਨਕ ਜੀ ਦਾ ਹੀ ਸਿਰ ਸਦਕਾ ਮੇਰੇ ਘਰ ਵਿਚ ਹੈ ਮੈਂ ਇਸੇ ਦਾ ਦਿਤਾ ਹੀ ਖਾਂਦਾ ਪੈ
ਹਨਦਾ ਹਾਂ ਅਸੀ ਛੋੜ ਕੇ ਹੇ ਕਾਲੂ ਸੰਸਾਰ ਸਾਰਾ ਹੀ ਇਸ ਦਾ ਦਿਤਾ ਖਾਂਦੇ ਹੈ ਇ ਸ ਬਾਤ
ਨੂੰ ਸੁਣ ਕਰ ਸਭ ਲੋਕ ਜੇਹੜੇ ਪਾਸ ਬੈਠੇ ਹੋਏ ਸਨ ਉਨਾ ਦੀ ਨਿਸਾ ਹੋਇ ਗਈ ਤਾਂ ਕਾ
ਲੂ ਘਰ ਕੋ ਆਇਆ॥ ॥ਆਗੈ ਸਾਖੀ ਜੈਰਾਮ ਪਲਤੇ ਦੀ ਚਲੀ॥
ਇਕ ਵਾਰੀ ਚੇਤ ਵਿਸਾਖ ਦੇ ਦਿਨ ਆਹੇ ਅਤੇ ਜੈਰਾਮ ਜਿਸ ਦਾ ਨਾਮ ਹੈ ਜਾਤ ਦਾ ਪਲ
ਤਾ ਸੁਲਤਾਨ ਪੁਰ ਦਾ ਰਹਿਣੇ ਵਾਲਾ ਸੋ ਪੈਲੀਆਂ ਦੇ ਕਠਾ ਕਰਣੇ ਵਾਸਤੇ ਅਤੇ ਕਟਾਲੈ
ਣੇ ਵਾਸਤੇ ਤਿਲਵੰਡੀ ਵਿਚ ਆਇਆ ਆਹਾ ਸੀ ਸੋ ਕਾਰ ਕੇ ਮਕਰਦੇ ਰਹੇ ਇਕ ਦਿ
ਨ ਰਾਇ ਬੁਲਾਰ ਦੇ ਪਾਸ ਬੈਠੇ ਹੋਏ ਏਸੇ ਬਾਤ ਚਲ ਪਈ ਸਗਾਈ ਦੀ ਜੈਰਾਮ ਨੇ ਰਾਇ ਬੁਲਾ
ਰ ਨੂੰ ਆਖਿਆ ਹੇ ਰਾਇ ਜੀ ਇਥੇ ਖਤ੍ਰੀਆਂ ਦੇ ਘਰ ਹੈਨ ਮੇਰੀ ਸਗਾਈ ਵਾਸਤੇ ਕੋਈ
ਘਰ ਟੋਲੋ ਤਾਂ ਰਾਇ ਨੇ ਆਖਿਆ ਹੇ ਜੈਰਾਮ ਬੇਦੀਆਂ ਦੇ ਘਰ ਹੈਨ ਜੇ ਤੂੰ ਸਾਡੀਆਂ ਅਤੇ ਉ
ਨਾ ਦੀਆਂ ਕਹਾਣੀਆਂ ਹੋਈਆਂ ਹੈਨ ਤਾਂ ਮੈਂ ਆਂਖਾਂਗਾ ਅਤੇ ਜੇਕਰ ਨਹੀ ਹੋਂਦੀਆਂ ਤਾਂ
ਮੈ ਕਿਸ ਤਰਾਂ ਆਖਾਂ ਤਾਂ ਭਾਈ ਏ ਜੈਰਾਮ ਦੇ ਨਾਲ ਇਕ ਬ੍ਰਾਹਮਣ ਰਸੋਈਆ ਆ
ਇਆ ਹੋਇਆ ਆਸੀ ਪਰ ਬਹੁਤ ਭਲਾ ਬ੍ਰਾਹਮਣ ਹੈਸੀ ਤਿਸ ਨਾਲ ਜੈਰਾਮ ਨੇ ਬਾਤ ਕੀਤੀ
ਹੇ ਗੁਸਾਈ ਜੀ ਅਸਾਡੀਆਂ ਅਤੇ ਬੇਦੀਆਂ ਦੀਆਂ ਕਹਾਣੀਆਂ ਹੋਂਦੀਆਂ ਹੈਨ ਕੇ ਨਾ

ਹੀ ਹੋਂਦੀਆਂ ਤਾਂ ਨਿਧੇ ਬ੍ਰਾਮਣ ਨੇ ਆਖਿਆ ਭੁਈਆਂ ਜੀ ਹੋਂਦੀਆਂ ਹੈਨ ਕਹਾਣੀਆਂ ਅਤੇ ਰਾਇ ਬੁਲਾਰ ਨੂੰ ਨਿਧੇ ਆਖਿਆ ਰਾਇ ਜੀ ਬੇਦੀਆਂ ਦੀਆਂ ਜੈਰਾਮ ਹੁਰਾਂ ਦੀਆਂ ਕਹਾਣੀਆਂ ਖਰੀਆਂ ਹੋਂਦੀਆਂ ਹੈਨ ਤਾਂ ਰਾਇ ਬੁਲਾਰ ਨੇ ਕਾਲੂ ਨੂੰ ਸਦ ਕੇ ਪੁਛਿਆ ਹੇ ਮਹਿਤਾ ਜੀ ਜੈਰਾਮ ਜੋ ਪਲਤਾ ਖਤ੍ਰੀ ਹੈ ਆਮਲ ਇਨਾਂ ਦੀਆਂ ਅਤੇ ਬੇਦੀਆਂ ਦੀਆਂ ਕਹਾਣੀਆਂ ਹੋਂਦੀਆਂ ਹੈਨ ਕਿ ਨਹੀ ਜੋ ਹੋਂਦੀਆਂ ਹੈਨ ਤਾਂ ਜੈਰਾਮ ਨਾਲ ਕਹਾਣੀ ਕਰਦੇਉ ਤਾਂ ਕਾਲੂ ਨੇ ਆਖਿਆ ਹੇ ਰਾਇ ਜੀ ਧੀਆਂ ਵਾਲੇ ਤਾਂ ਆਪ ਨਾਹੀ ਆਖਦੇ ਆਪੇ ਧੀਆਂ ਵਾਲੇ ਓਹ ਆਖਦੇ ਹੈਨ ਜਿਨਾਂ ਦੇ ਜੀਅ ਵਿਚ ਕੁਛ ਪਾਪ ਹੁੰਦਾ ਹੈ ਅਤੇ ਮੈਂ ਆਪ ਦਾ ਖਿਜਮਤਗਾਰ ਹਾਂ ਆਪ ਦੀ ਮਰਜੀ ਦੇ ਅਧੀਨ ਹਾਂ ਜੇਹੀ ਮੇਰੀ ਸਕਤ ਹੋਵੇਗੀ ਤੇਹੀ ਮੈਂ ਸੇਖਾ ਹੋਵਾਂਗਾ ਤਾਂ ਰਾਇ ਬੁਲਾਰ ਨੇ ਕਹਿਆ ਨਾ ਕਾਲੂ ਏਹੁ ਅਸਾਡੀ ਬੇਟੀ ਹੈ ਤੂੰ ਤਾਂ ਆਖ ਕੋਈ ਨ ਕਰ ਤਾਂ ਫੇਰ ਜੈਰਾਮ ਰਾਇ ਬੁਲਾਰ ਨੂੰ ਕਹਿਆ ਜੋ ਜੀ ਕਹਾਣੀ ਦੀ ਕਿਆ ਖਬਰ ਹੈ ਜੀ ਤਾਂ ਰਾਇ ਬੁਲਾਰ ਨੇ ਆਖਿਆ ਸੁਣ ਜੈਰਾਮ ਪਲਤਾ ਪਰਾਈਆਂ ਬੇਟੀਆਂ ਦਾ ਮੰਗਣਾ ਕੋਈ ਹਕੂਮਤ ਜਾਪਤਾ ਨਹੀਂ ਕਿਉਂ ਜੋ ਏਹ ਬਾਤ ਅਧੀਨਗੀ ਦੀ ਹੈ ਅਤੇ ਸੁਣ ਜੈਰਾਮ ਤੁਸੀ ਮਹਿਤੇ ਕਾਲੂ ਨੂੰ ਸਦ ਕੇ ਅਧੀਨਗੀ ਨਾਲ ਆਖੋ ਅਤੇ ਮੈਂ ਭੀ ਉਸ ਵਖਤ ਜੋ ਕੁਛ ਆਖਣਾ ਹੋਸੀ ਸੋ ਆਖਾਂਗਾ ਤਾਂ ਜੈਰਾਮ ਨੇ ਕਹਿਆ ਹੇ ਰਾਇ ਜੀ ਮੈਂ ਕਿਉਂ ਕਰ ਆਖਾਂ ਅਤੇ ਤੁਸੀ ਰਾਜੇ ਲੋਕ ਹਉ ਸਮਝ ਕਰ ਦੇਖੋ ਤਾਂ ਰਾਇ ਬੁਲਾਰ ਨੇ ਆਖਿਆ ਹੇ ਭੁਈਆਂ ਜੈਰਾਮ ਜੀ ਤੁਸੀ ਕਾਹਤੇ ਆਖਦੇ ਹੋ ਤੁਹਾਡਾ ਬ੍ਰਾਹਮਣ ਨਿਧਾ ਜੋ ਹੈ ਤਿਸ ਪਾਸੋ ਕਹਾਵੋ ਤਾਂ ਜੈਰਾਮ ਨੇ ਆਖਿਆ ਭਲਾ ਰਾਇ ਜੀ ਫਿਰ ਜੈਰਾਮ ਨੇ ਅਪਣੇ ਨਿਧੇ ਬ੍ਰਾਮਣ ਨੂੰ ਬੁਲਾਇਆ ਰਾਇ ਜੀ ਦੇ ਪਾਸ ਨਿਧੇ ਆਇ ਕਹਿਆ ਚੌਧਰੀ ਜੀ ਅਸੀ ਤੁਸੀ ਮਿਲ ਕੇ ਕਾਲੂ ਨੂੰ ਆਖੀਏ ਤਾਂ ਛਨਿਛਰਵਾਰ ਨੂੰ ਦੋ ਪਹਿਰ ਦਿਨ ਰਹਿ ਦੇ ਨਿਧੇ ਬ੍ਰਾਮਣ ਨੇ ਕਾਲੂ ਨੂੰ ਆਖਿਆ ਦੇਖ ਮਹਤਾ ਕਾਲੂ ਤੂੰ ਭੀ ਖਤ੍ਰੀ ਹੈਂ ਅਰ ਜੈਰਾਮ ਭੀ ਖਤ੍ਰੀ ਹੈ ਏਹ ਭਲਾ ਸੰਜੋਗ ਹੈ ਤੁਸੀ ਜੈਰਾਮ ਦੇ ਨਾਲ ਕਹਾਣੀ ਕਰੋ ਤਾਂ ਕਾਲੂ ਨੇ ਕਹਿਆ ਅਵੇ ਮਿਸਰ ਨਿਧਾ ਤੂੰ ਆਪੇ ਆਖਦਾ ਹੈਂ ਅਰ ਜੈਰਾਮ ਆਖਦਾ ਹੈ ਤਾਂ ਰਾਇ ਬੁਲਾਰ ਨੇ ਆਖਿਆ ਹੇ ਮਹਿਤਾ ਕਾਲੂ ਜੈਰਾਮ ਕਿਉਂਕਰ ਆਖੇ ਅਰ ਬ੍ਰਾਮਣ ਜੋ ਆਖਦਾ ਹੈ ਸੋ ਓਹੋ ਹੀ ਪਿਆ ਆਖਦਾ ਹੈ ਤਾਂ ਕਾਲੂ ਨੇ ਆਖਿਆ ਭਲਾ ਰਾਇ ਜੀ ਤੁਹਾਡਾ ਆਖਿਆ ਅਸਾਡੇ ਸਿਰ ਮਥੇ ਤੇ ਹੈ ਤਾਂ ਜੈਰਾਮ ਦੀ ਅਤੇ ਨਾਨਕੀ ਦੀ ਕਹਾਣੀ ਹੋਈ ਅਤੇ ਆਂਦ ਦੇਵ ਸਾਖਦੇ ਮਗੀ ਨੇ ਕਾਜ ਜੋ ਹੋਇਆ ਬੜੀ ਖੁਸੀ ਨਾਲ ਦੋਨੋ ਪਾਸੋ ਰਹਿਆ ਈ ਜੈਰਾਮ ਡੋਲੀ ਲੈਕਰ ਘਰ ਨੂੰ ਗਇਆ ਤਾਂ ਕਾਲੂ ਨੇ ਬਾਬੇ ਨਾਨਕ ਜੀ ਨੂੰ ਆਖਿਆ ਬੇਟਾ ਸੂ

ਲਤਾਨਪੁਰ ਜਾਇਕਰ ਬੇਬੇ ਨਾਨਕੀ ਨੂੰ ਲੈ ਆਉ ਤਾਂ ਗੁਰੂ ਨਾਨਕ ਜੀ ਜਾਵਣ ਨਾਹੀ ਲਗਾ
ਲੁਆਖਿਆ ਹੈ ਬਚਾ ਨਾਨਕ ਤੂੰ ਆਪਣੀ ਭੈਣ ਨਾਨਕੀ ਨੂੰ ਲੈ ਆਉ ਅਤੇ ਮਾਤਾ ਪਿਤਾ
ਜੀ ਭੀ ਬਹੁਤ ਕਰਕੇ ਆਖਿਆ ਹੈ ਬੇਟਾ ਤੁਹਾਨੂੰ ਸੁਲਤਾਨਪੁਰ ਜਰੂਰ ਜਾਣਾ ਚਾਹੀਦਾ ਹੈ ਲੋ
ਕਾਂ ਦੀ ਮਰਜਾਦ ਭੀ ਕਰਨੀ ਚਾਹੀਏ ਤਾਂ ਗੁਰੂ ਨਾਨਕ ਜੀ ਨੂੰ ਪਿਤਾ ਕਾਲੂ ਨੇ ਕਹਿਆ ਅ
ਸੀ ਤੁਹਾਨੂੰ ਉਥੇ ਹੀ ਸਉਂਪ ਦੇਵੀਏ ਗੇ ਤਾਂ ਜੋ ਕੁਛ ਕਾਰ ਕਰਸਮਸੀ ਸੋ ਸਭ ਕੁਛ ਗੁਰੂ ਨਾਨ
ਕ ਜੀ ਲੀਤਾ ਅਤੇ ਭਾਈ ਬਾਲੇ ਨਾਲ ਬਹੁਤ ਪਿਆਰ ਸੀ ਤਾਂ ਬਾਲਾ ਸੰਧੂ ਭੀ ਨਾਲ ਹੀ
ਤਾ ਲੈਕਰ ਚਲਿਆ ਚਲਦੇ ਚਲਦੇ ਗੁਰੂ ਨਾਨਕ ਜੀ ਜਾਇ ਸੁਲਤਾਨਪੁਰ ਵੜੇ ਭੈਣ
ਨਾਨਕੀ ਜੀ ਨੂੰ ਮਿਲੇ ਜੈਰਾਮ ਨੂੰ ਮਿਲੇ ਵੇਖਕਰ ਜੈਰਾਮ ਬਹੁਤ ਪ੍ਰਸੰਨ ਹੋਇਆ ਅਤੇ ਬ
ਹੁਆਦਰ ਕੀਤਾ ਜਬ ਅਗਲਾ ਦਿਨ ਹੋਇਆ ਤਾਂ ਗੁਰੂ ਨਾਨਕ ਜੀ ਜੈਰਾਮ ਪਾਸੋਂ ਵਿਦਿ
ਆ ਮੰਗੀ ਅਤੇ ਬੇਬੇ ਨਾਨਕੀ ਜੀ ਦੇ ਲੈ ਆਵਣ ਦੀ ਆਗਿਆ ਮੰਗੀ ਤਾਂ ਜੈਰਾਮ ਨੇ ਕਹਿ
ਆ ਹੇ ਨਾਨਕ ਜੀ ਤੂੰ ਇਥੇ ਹੀ ਰਹੁ ਅਤੇ ਤੇਰੀ ਭੈਣ ਭੀ ਇਥੇ ਹੀ ਰਹੇ ਮੈਂ ਤੁਹਾਂ ਨੂੰ ਦੂਰ ਨੂ
ਨਹੀਂ ਭੇਜਦਾ ਤਾਂ ਅਗੋਂ ਨਾਨਕ ਜੀ ਆਖਿਆ ਸੁਣੋ ਜੀਜਾ ਜੀ ਇਸ ਤਰ੍ਹਾਂ ਤਾਂ ਤੁਸੀ ਮੈਨੂੰ ਭੇ
ਜ ਦੇਵੋਗੇ ਕਾਲੂ ਭੀ ਰੰਜਨ ਰਹਸੀ ਅਤੇ ਅੰਮਾਂ ਬੀਬੀ ਰਾਜੀ ਰਹਸੀ ਅਤੇ ਬੇਬੇ ਨਾ
ਨਕੀ ਜੀ ਭੀ ਮਿਲ ਆਵੇਗੀ ਤਾਂ ਫੇਰ ਜੈਰਾਮ ਆਪਣੇ ਘਰ ਅੰਦਰ ਆਇਆ ਨਾਨ
ਕੀ ਜੀ ਨੂੰ ਕਹਿਓਸ ਤੇਰਾ ਭਾਈ ਨਾਨਕ ਜੀ ਬਹੁਤ ਉਦਾਸ ਹੋਇਕਰ ਵਿਦਾ ਚਾਹੁੰਦਾ
ਹੈ ਤਾਂ ਨਾਨਕੀ ਜੀ ਕਹਿਆ ਜਿਉਂ ਤੁਹਾਡੀ ਮਰਜੀ ਹੋਇ ਸੋ ਕਰੀਏ ਅਬ ਕੀ ਵਾਰ ਮੇ
ਰੇ ਕੇ ਆਗਿਆ ਦੇਓ ਜੁ ਮਹਿਤਾ ਕਾਲੂ ਤੇ ਅੰਮਾਂ ਬੀਬੀ ਭੀ ਅਤੇ ਨਾਨਕ ਜੀ ਭੀ ਰਾ
ਜੀ ਰਹਿਸੀ ਅਰ ਆਖੇਗਾ ਜੋ ਮੈਂ ਖਾਲੀ ਫਿਰਨ ਆਇਆ ਅਤੇ ਫੇਰ ਤੁਸਾਂ ਮੈਨੂੰ ਨ ਭੇ
ਜਣਾ ਮੈਂ ਇਸ ਭ੍ਰਾਤਾ ਨਾਨਕ ਜੀ ਪਾਸੋਂ ਬਹੁਤ ਡਰਦੀ ਹਾਂ ਅਤੇ ਜਦ ਮੈਨੂੰ ਸੁਪਨਾ ਆਉਂ
ਦਾ ਹੈ ਅਰ ਜੋ ਕੁਛ ਇਸਦੇ ਮੂੰਹੋਂ ਨਿਕਲਦਾ ਹੈ ਸੋਈ ਕੁਛ ਹੋਇ ਜਾਂਦਾ ਹੈ ਇਸ ਵਾਸਤੇ ਮੈਂ
ਆਪ ਅਗੇ ਬੇਨਤੀ ਕਰਦੀ ਹਾਂ ਤਾਂ ਜੈਰਾਮ ਨੇ ਆਖਿਆ ਹੁਣ ਤੂੰ ਜਾਹੁ ਪਰ ਫੇਰ ਆਵੇਗੀ
ਕਦਾਂ ਤਾਂ ਨਾਨਕੀ ਕਹਿਆ ਜਦ ਤੁਸੀ ਆਮਣ ਕਰਨ ਆਵੋਗੇ ਤਾਂ ਮੇਰੇ ਭਾਈ ਸਣੇ
ਆਵੀਏ ਸੁਲਤਾਨਪੁਰ ਅਤੇ ਮੈਂ ਆਪੇ ਹੀ ਤਾਂ ਨਹੀਂ ਆਵਣਾ ਤਾਂ ਗੁਰੂ ਨਾਨਕ ਜੀ
ਅਤੇ ਭੈਣ ਨਾਨਕੀ ਲੈਕਰ ਭਾਈ ਬਾਲਾ ਭੀ ਤਿਲਵੰਡੀ ਨੂੰ ਆਏ ਆਇਕਰ ਆਪ
ਣੇ ਘਰ ਪਿਤਾ ਕਾਲੂ ਅਤੇ ਅੰਮਾਂ ਬੀਬੀ ਜੀ ਨੂੰ ਮਿਲੇ ਗਿਰਦੇ ਰਾਇ ਬੁਲਾਰ ਨੇ ਸੁਣਿਆ
ਜੋ ਨਾਨਕ ਜੀ ਸੁਲਤਾਨਪੁਰੋਂ ਤਿਲਵੰਡੀ ਆਇ ਵੜਿਆ ਹੈ ਸਦ ਕਰ ਬਾਬੇ ਨਾਨਕ
ਜੀ ਨੂੰ ਮਿਲੇ ਅਤੇ ਬਹੁਤ ਪ੍ਰਸੰਨ ਹੋਇਆ ਕਹਿਓਸ ਨਾਨਕ ਜੀ ਇਹ ਸੁਖ ਜਿਤਨੇ ਮੇਲੇ

ਘਰ ਵਿਚ ਹੈਨ ਸੋ ਸਭ ਤੇਰੇ ਹੀ ਵਿਤੋਂ ਆਏ ਹੈਨ ਤੇ ਗੁਰੂ ਨਾਨਕ ਜੀ ਆਪਣੀ ਹੀ ਰੰਸ
ਰਖੇ ਓਹੋ ਚਾਲੀ ਕਰਤਾਰ ਨਿਰੰਕਾਰ ਦੀ ਭਗਤ ਮੇ ਲਿਵਲੀਨ ਹੀ ਰਹੇ ਜਦ ਵੈਸਾਖ
ਦੇ ਦਿਨ ਆਏ ਅਤੇ ਫੇਰ ਕੱਛ ਹੋਣ ਲਗੀਆਂ ਤਾਂ ਜੈਰਾਮ ਪਲਤਾ ਤੁਲ ਦੇਣੀਆ
ਇਆ ਆਪਣਾ ਅਮਲ ਕਣਕ ਰਨ ਦੇ ਵਾਸਤੇ ਜੋ ਦੇ ਕਣ ਹੋ ਚੁਕ ਕੱਛ ਕਰਲਈ
ਆ ਅਤੇ ਤੁਈਆਰ ਹੋਇਆ ਤਾਂ ਰਾਇ ਬੁਲਾਰ ਨੂੰ ਖਬਰ ਹੋਈ ਤਾਂ ਰਾਇ ਬੁਲਾਰ ਨੇ
ਜੈਰਾਮ ਨੂੰ ਬਹੁਤ ਨਿਵਾਜਿਆ ਅਤੇ ਬੇਨਤੀ ਕਰਕੇ ਸੱਦਕੇ ਪਾਸ ਬਹਾਇਆ ਰਾਇ
ਬੁਲਾਰ ਜੈਰਾਮ ਉਪਰ ਬਹੁਤ ਖੁਸੀ ਹੋਇਆ ਆਪਸ ਮੇ ਬਾਤ ਚੀਤ ਕਰਕੇ ਬੈਠੇ
ਜੈਰਾਮ ਨੇ ਰਾਇ ਬੁਲਾਰ ਨੂੰ ਆਖਿਆ ਹੇ ਰਾਇ ਜੀ ਮੈਂ ਤੁਸਾਂ ਉਪਰ ਬਹੁਤ ਖੁਸੀ ਹਾਂ
ਕੁਛ ਖਿਜਮਤ ਆਪ ਫੁਰਮਾਈਏ ਤਾਂ ਰਾਇ ਨੇ ਆਖਿਆ ਹੇ ਭਾਈ ਜੈਰਾਮ ਤੇਰਾ
ਸਹੁਰਾ ਕਾਲੂ ਵਦੀ ਦੂਰ ਬਚਨੀ ਹੈ ਅਤੇ ਨਾਨਕ ਤੇਰਾ ਸਾਲਾ ਪੂਰਨ ਸਾਧੂ ਹੈ ਅਤੇ
ਅਸੀ ਏਹੁ ਆਖਦੇ ਹਾਂ ਜੋ ਨਾਨਕ ਜੀ ਨੂੰ ਤੁਸੀ ਆਪਣੇ ਪਾਸ ਰਖੋ ਏਹੁ ਸਾਹਿਬ ਲੋ
ਕਾਂ ਨਾਲ ਮਿਲਦਾ ਅਤੇ ਬੰਦਗੀ ਭੀ ਕਰਦਾ ਹੈ ਅਤੇ ਕਾਲੂ ਇਸ ਨੂੰ ਦੇਖਕੇ ਦੁਖਿ
ਖਦਾ ਹੈ ਸੋ ਮੇਰਾ ਮਨ ਹੈ ਜੋ ਨਾਨਕ ਜੀ ਤੁਹਾਡੇ ਪਾਸ ਹੀ ਰਹੇ ਅਤੇ ਕੋਈ ਕਾਰ ਕਰਨੀ
ਭੀ ਸਿਖ ਜਾਸੀ ਤਾਂ ਜੈਰਾਮ ਆਖਿਆ ਰਾਇ ਜੀ ਇਸ ਥਾਂਵਹੁ ਹੋਰ ਕੀ ਭਲਾ ਹੈ ਹੁਣੇ
ਹੀ ਮੇਰੇ ਨਾਲ ਨਾਨਕ ਜੀ ਚਲੇ ਅਤੇ ਮੈਂ ਵਿਆਹੁ ਭੀ ਰਿਧਰੇ ਚੰਗੇ ਖਤ੍ਰੀਆਂ ਦੇ ਘਰ
ਕਰਵਾਇ ਦੇਵਾਂਗਾ ਤਾਂ ਰਾਇ ਨੇ ਆਖਿਆ ਹੇ ਜੈਰਾਮ ਹੁਣ ਤੇਰੇ ਨਾਲ ਨਾਨਕ ਜੀ
ਜਾਂਦਾ ਨਹੀ ਬਣਦਾ ਪਿਛੋਂ ਦੂਸਰੇ ਮਹੀਨੇ ਤੁਹਾਡੇ ਪਾਸ ਨਾਨਕ ਜੀ ਭੇਜ ਦੇਹਾਂਗੇ ਅਤੇ
ਇਸ ਨੂੰ ਕਿਸੇ ਕਾਰ ਬਾਰ ਵਿਚ ਲਾਇ ਦੇਵੋਗੇ ਤਾਂ ਇਸ ਦੀ ਕਾਹਲੀ ਕਿਥਾਊ ਉਪਰੇ
ਹੀ ਕਰ ਦੇਣੀ ਤਾਂ ਜੈਰਾਮ ਮਕਲਾਵਾ ਲੈਕਰ ਆਪਣੇ ਘਰ ਸੁਲਤਾਨਪੁਰ ਨੂੰ ਆਏ
ਆ

॥ਆਗੇ ਸਾਖੀ ਇਕ ਸਾਧ ਅਤੀਤ ਨਾਲ ਹੋਈ॥

ਇਕ ਦਿਨ ਦੀ ਬਾਤ ਹੈ ਜੋ ਸ੍ਰੀ ਗੁਰੂ ਨਾਨਕ ਜੀ ਬੀਸ ਬਰਸ ਦੇ ਹੋਏ ਤਾ ਸ੍ਰੀ ਨਾਨਕ ਜੀ ਕੀ ਚਿ
ਚਾਲੀ ਆਹੀ ਜਿਸ ਪਾਸੇ ਇਛਾ ਹੋਵੈ ਤਿਸੇ ਪਾਸੇ ਚਲੇ ਜਾਵਨ ਜਿਥੇ ਬੈਠਣ ਓਥੇ ਹੀ ਬੈਠੇ
ਰਹਿਨ ਇਸੇ ਤਰਾ ਸਮਾਂ ਬਿਤਾਇਆ ਹੈ ॥ ਇਕ ਦਿਨ ਇਕ ਅਤੀਤ ਸਹਿਰ ਦੇ ਬਾਹ
ਰ ਆਇ ਬੈਠਾ ਤਾਂ ਉਸ ਦੇ ਪਾਸ ਗੁਰੂ ਨਾਨਕ ਜੀ ਸਹਿਜ ਸੁਭਾਇ ਬੈਠੇ ਤਾਂ ਗੁਰੂ ਨਾਨ
ਕ ਜੀ ਦੇ ਹਥ ਵਿਚ ਉਸ ਦੇ ਲੋ ਇਕ ਗੜਵਾ ਆਹਾ ਅਤੇ ਇਕ ਛਾਪ ਸੁਵਰਨ ਦੀ
ਹਥ ਵਿਚ ਸੀ ਤਾਂ ਅਤੀਤ ਨੇ ਗੁਰੂ ਨਾਨਕ ਜੀ ਨੂੰ ਪੁਛਿਆ ਅਰੇ ਬਾਲਕੇ ਤੂੰ ਕਉਣ ਹੈਂ ਦਾ
ਹੈਂ ਅਤੇ ਤੇਰਾ ਨਾਉਂ ਕਿਆ ਹੈ ਗੁਰੂ ਨਾਨਕ ਜੀ ਕਹਿਆ ਹੈ ਸਾਧ ਜੀ ਮੇਰਾ ਨਾਉਂ

ਨਾਨਕ ਨਿਰੰਕਾਰੀ ਹੈ ਅਤੇ ਖਤ੍ਰੀ ਹੋਂਦਾ ਹਾਂ ਤਾਂ ਫੇਰ ਅਤੀਤ ਨੇ ਕਹਿਆ ਹੇ ਨਾਨਕ ਜੀ
ਤੁਮ ਭੀ ਨਿਰੰਕਾਰੀ ਹੋ ਅਰ ਹਮ ਭੀ ਨਿਰੰਕਾਰੀ ਹੈਂ ਹਮਾਰੇ ਮੇਂ ਅਰ ਤੁਮਾਰੇ ਮੇਂ ਕਿਆ
ਭੇਦ ਹੈ ਤਾਂ ਗੁਰੂ ਜੀ ਕਹਿਆ ਭੇਦ ਤਾਂ ਕੁਛ ਨਹੀਂ ਤਾਂ ਫੇਰ ਗੁਰੂ ਨਾਨਕ ਜੀ ਨੇ ਛਾਪ
ਅਤੇ ਗੜਵਾ ਅਤੀਤ ਦੇ ਅਗੇ ਰੱਖ ਦਿਤਾ ਅਤੀਤ ਨੇ ਕਹਿਆ ਅਰੇ ਨਾਨਕ ਏ
ਹੁ ਛਾਪ ਅਤੇ ਗੜਵਾ ਹਮ ਕਉ ਪਹੁੰਚ ਗਿਆ ਹੈ ਏਹੁ ਤੁਮ ਆਪਣੇ ਹੀ ਪਾਸ ਰ
ਹਿਣੇ ਦੇਹੁ ਤਾਂ ਗੁਰੂ ਨਾਨਕ ਜੀ ਕਹਿਆ ਹੇ ਦੇਵਤਾ ਜੀ ਮੁਖ ਸਿਉ ਥੁਕ ਜੋ ਡਾਰੀ
ਤੀ ਹੈ ਤਾਂ ਓਹ ਫੇਰ ਉਠਾਈ ਤੀ ਨਾਂਹੀ ਤਾਂ ਫੇਰ ਅਤੀਤ ਨੇ ਕਹਿਆ ਅਰੇ ਨਾਨਕ ਤੂੰ
ਅਸਲ ਨਿਰੰਕਾਰੀ ਹੈਂ ਅਤੇ ਹਮ ਨਕਲੀ ਨਿਰੰਕਾਰੀ ਹੈਂ ਤਾਂ ਫੇਰ ਗੁਰੂ ਨਾਨਕ ਜੀ ਆ
ਪਣੇ ਘਰ ਉਠਿ ਆਇਆ ਅਰ ਓਹ ਅਤੀਤ ਗੜਵਾ ਅਰ ਛਾਪ ਲੈ ਕਰ ਚਲਦਾ
ਰਿਹਾ ਤਾਂ ਕਾਲੂ ਗੁਰੂ ਨਾਨਕ ਜੀ ਨੂੰ ਘਰ ਆਏ ਨੂੰ ਦੇਖ ਕਰ ਪੁਛਣ ਲਗਾ ਅਰੇ
ਨਾਨਕ ਗੜਵਾ ਅਰ ਛਾਪ ਕਿਥੇ ਹਈ ਤਾਂ ਗੁਰੂ ਨਾਨਕ ਜੀ ਅਗੋਂ ਤੇ ਚੁਪ ਕਰ ਰਹਿ
ਆ ਬੋਲੇ ਨਾਂਹੀ ਤਾਂ ਕਾਲੂ ਬਹੁਤ ਛਿਥਾ ਹੋਇਆ ਅਰ ਛਿਥਾ ਹੋਇ ਕਰ ਆਖਣ
ਲਗਾ ਜਾਹਿ ਬਾਬਾ ਮੇਰੇ ਘਰੋ ਨਿਕਲ ਜਾਂਹਿ ਮੈਂ ਤੇਰਾ ਫੂ ਨਾਹੀ ਮੈਂ ਬਹੁਤ ਭਉਂਕ
ਭਉਂਕ ਰਹਿਆ ਹਾਂ ਤੂੰ ਸਮਝਦਾ ਕੁਛ ਨਾਂਹੀ ਮੇਰੇ ਆਖਣੇ ਦੀ ਬਾਤ ਤੇਰੇ ਮਨ ਵਿ
ਚ ਕੋਈ ਨਹੀ ਆਂਵਦੀ ਨਾਂ ਤੂੰ ਮੇਰੇ ਕਹੇ ਨੂੰ ਸਮਝਦਾ ਹੈ ਰਾਇ ਬੁਲਾਰ ਨੇ ਏਹ ਬਾਤ
ਸੁਣ ਕਰ ਕਾਲੂ ਨੂੰ ਬੁਲਾਇਆ ਜਿਸ ਵਕਤ ਆਇਆ ਕਾਲੂ ਤਾਂ ਰਾਇ ਬੁਲਾ
ਰ ਨੇ ਆਖਿਆ ਅਰੇ ਕਾਲੂ ਵਤ ਕਿਆ ਹੋਇਆ ਹੈ ਤਾਂ ਕਾਲੂ ਨੇ ਕਹਿਆ ਰਾਇ
ਜੀ ਭੰਸ ਹੋਇਆ ਹੈ ਛਾਪ ਅਤੇ ਗੜਵਾ ਕਿਤੇ ਵਲ ਸਟ ਆਇਆ ਹੈ ਕ੍ਯਾ ਜਾਣਿ
ਆ ਨਹੀ ਜਾਂਦਾ ਸੋ ਕਿਆ ਕੀਤੋਸੁ ਤਾਂ ਰਾਇ ਆਖਿਆ ਕਾਲੂ ਨਾਨਕ ਨੂੰ ਜੈਰਾਮ ਪਾਸ ਘਲਦੇਹ
ਐਥੇ ਤੂੰ ਭੀ ਰੋਜ ਖਪਦਾ ਹੈ ਤੇ ਨਾਨਕ ਜੀ ਭੀ ਰਿਜ ਰਹਿਦਾ ਹੈ ਓਥੇ ਹੀ ਕੁਛ ਕੰਮ ਕਾਰ ਕਰੇਗਾ। ਕਾਲੂ
ਆਖਿਆ ਜੀ ਜਿਵੇਂ ਤੁਸਾਡੀ ਰਜਾਇ ਤਾਂ ਰਾਇ ਜੀ ਚਿਠੀ ਇਕ ਲਿਖ ਦਿਤੀ ਆਪਣੇ ਦਸਖਤੀ।
ਚਿਠੀ ਵਿਚ ਏਹ ਲਿਖਿਆ ਭਾਈਆ ਜੈਰਾਮ ਅਸਾਂ ਨਾਨਕ ਜੀ ਨੂੰ ਤੇਰੇ ਪਾਸ ਭੇਜਿਆ ਹੈ ਤੁਸਾਂ ਏ
ਸਦੀ ਖਾਤਰ ਕਰਨੀ ਜੋ ਸਭ ਤੁਸਾਂ ਪਾਸੋ ਹੋਇ ਆਵੈ ਸੋ ਇਸ ਕੀ ਕਰਨੀ ਕਿਸੇ ਕੰਮ ਨੂੰ ਲਾਇ ਦੇਣਾ
ਨਾਨਕ ਜੀ ਨੂੰ ਸਾਲ ਕਰਕੇ ਨਾ ਸਟੀ ਏਹੁ ਖੁਦਾਇ ਦਾ ਹਈ ਤਾਂ ਚਿਠੀ ਨਾਨਕ ਜੀ ਨੂੰ ਦਿਤੀ ਤਾਂ ਰਾਇ ਨੂੰ ਮਿ
ਲਕੇ ਤਿਆਰ ਹੋਏ ਫਿਰ ਨਾਨਕ ਜੀ ਮਾਤਾ ਪਿਤਾ ਨੂੰ ਮਿਲਕੇ ਤੁਰਨ ਲਗਾ ਤਾਂ ਮਾਤਾ ਬੈਰਾਗ ਕਰ
ਨ ਲਗੀ ਆਖਣ ਲਗੀ ਨਾਨਕ ਮੇਰੇ ਪਾਸ ਸੀ ਤਾਂ ਪਰਵਾਸ ਸੀ ਪੁਤ ਪਰਦੇਸ ਚਲਿਆ ਹੈ ਕਿ
ਆ ਜਾਣੇ ਆਵੇ ਕੇ ਨਾ ਆਵੇ ਤਾਂ ਨਾਨਕ ਜੀ ਆਖਿਆ ਮਾਤਾ ਜੀ ਅਸੀ ਇਥੇ ਤੁਸਾਡੇ ਕੰਮ ਕੀ

ਕਰਦੇਆਹੇਅਤੇਓਥੇਅਸਾਂਕੀਕਰਨਾਹੈਤਾਮਾਤਾਕਹਿਆਪੁਤ੍ਰਕੀਮਤ੍ਰਾਦੇਂਕਰਦਾਸੈਭਾਵੇਨਹੀਮੈਂ
ਕਰਦਾਪਰਮੇਰੇਨੇਤ੍ਰਤਾਰੇਹੈਸ:ਨਮੇਰੇਭੂਤੇਸਾਰਾਜਹਾਨਸੁਖੀਵਸਦਾਸੀ।ਤਾਂਸ੍ਰੀਨਾਨਜੀਕ੍ਰਿਪਾ
ਦ੍ਰਿਸਟੀਕਰਕੈਮਾਤਾਦਾਮੋਹੁਦੂਰਕਰਕੇਕਹਾਮਾਤਾਜੀਪ੍ਰਮੇਸਰਦਾਸਿਮਰਨਕਰਨਾਹੋਰ
ਸਭਨੂੰਮਿਲਕਰਅਤੇਬਾਲੇਨੂੰਨਾਲਲੈਕਰਕ੍ਰਿਪਾਦ੍ਰਿਸਟੀਸੇਓਥੋਂਵਿਦਿਆਹੋਤੇਤ੍ਰਏ
ਤਾਗੁਰੂਨਾਨਕਜੀਤਲਵੰਡੀਤੇਪੰਜਵੇਂਦਿਨਸੁਲਤਾਨਪੁਰਜਾਇਵੜੇਸੰਮਤੁ੧੫੪੪
ਮਘਰਸੁਦੀਸਤਮੀਨੂੰਨਾਨਕਜੀਬੇਬੇਨਾਨਕੀਨੂੰਜਾਇਮਿਲੇਤਾਬੇਬੇਨਾਨਕੀਗੁਰੂ
ਨਾਨਕਜੀਦਿਆਂਪੈਰਾਂਤੇਢਹਿਪਈਤਾਂਗੁਰੂਨਾਨਕਜੀਕਹਿਆਬੇਬੇਜੀਤੂੰਵਡੀ
ਹੈਂਸਗੋਮੈਂਤੇਰਿਆਂਪੈਰਾਂਤੇਪਵਾਂਕਿਤੂੰਮੇਰਿਆਂਪੈਰਾਂਤੇਪਵੈਂਤਾਂਬੇਬੇਨਾਨਕੀ
ਜੀਨੇਕਹਿਭਾਈਜੀਤੂੰਸਚਆਖਦਾਹੈਪਰਜੇਤੂੰਆਦਮੀਹੋਵੇਂਤਾਂਏਹੁਬਾ
ਤਕਰਾਂਅਤੇਤੂੰਤਾਂਮੈਨੂੰਪਰਮੇਸਰਹੀਨਜਰਆਵਦਾਹੈਂਤਾਂਅਗੋਜੈਰਾਮਘ
ਰਨਹੀਆਹਾਤਾਂਬੇਬੇਨਾਨਕੀਨੇਗੁਰੂਨਾਨਕਜੀਨੂੰਪੀੜ੍ਹਾਪਾਇਦਿਤਾਤੇਬਾ
ਬਾਜੀਬੈਠਗਏਅਤੇਲਗੀਪੁਛਣਕਿਉਭਾਈਜੀਬਹੁਤਖੁਸੀਹੋਤਾਗੁਰੂ
ਨਾਨਕਜੀਬਾਰਤਾਕਰਨਲਗੇਹੀਆਹੇਇਤਨੇਨੂੰਜੈਰਾਮਭੀਘਰਆਇਵ
ੜਿਆਜਾਂਆਇਕਰਦੇਖੇਤਾਂਗੁਰੂਨਾਨਕਜੀਘਰਬੈਠਾਹੈਅਤੇਗੁਰੂਨਾਨਕਜੀ
ਨੇਭੀਡਿਠਜੋਜੀਜਾਜੈਰਾਮਭੀਆਇਆਹੈਤਾਂਗੁਰੂਨਾਨਕਜੀਉਠਦੇਹੀਜੈਰਾਮ
ਦੇਪੈਰਾਂਤੇਢਹਿਪਿਆਅਤੇਜੈਰਾਮਭੀਮਹਾਂਸਿਆਣਾਸੀਤਾਂਜੈਰਾਮਨੇਗੁਰੂਨਾਨ
ਕਜੀਦੇਹਥਪਕੜ੍ਹਲੀਤੇਅਤੇਆਪਗੁਰੂਨਾਨਕਜੀਦੇਪੈਰਾਂਤੇਹਥਰਖੇਤਾਂਗੁਰੂ
ਨਾਨਕਜੀਆਖਿਆਜੀਜਾਜੀਏਹਅਪੁਠੀਰੀਤਕਿਉਂਕੀਤੀਆਂਤਾਂਜੈਰਾਮਨੇ
ਆਖਿਆਹੇਨਾਨਕਜੀਤੁਸੀਜਾਣਦੇਹੋਵੋਗੇਜੋਏਹੁਅਸੀਸਾਲਾਜੀਜਾਆਹੇ
ਅਤੇਮੈਂਤਾਂਤੈਨੂੰਪਰਮੇਸਰਹੀਕਰਕੇਜਾਣਦਾਹਾਂਅਰਮੇਰੇਭਾਗਵਡੇਹੋਏ
ਹੈਨਜੋਤੁਸੀਮੇਰੇਪਾਸਆਇਪਹੁੰਚੇਹੋਅਤੇਮੈਨੂੰਦਰਸਨਦਿਤਾਹੈਜੀਅਸੀ
ਨਿਹਾਲਹੋਇਆਹਾਂਜੀਪਰਜੀਹੁਣਤੁਸੀਕਰੋਕਛੁਨਾਹੀਜੀਅਤੇਬੈਠੇਸਹਿਜ
ਨਾਲਪਰਮੇਸਰਦੇਗੁਣਗਾਉਅਰਗੁਜਰਾਨਕਰੋਤਾਂਗੁਰੂਨਾਨਕਜੀਅਗੋਆ
ਖਿਆਭਲਾਜੀਜਾਜੀਪਰਕਛੁਕਿਰਤਹੋਇਆਵੈਤਾਂਬਹੁਤਭਲੀਗਲਹੈਤਾਂ
ਜੈਰਾਮਨੇਆਖਿਆਭਾਈਜੀਜੋਤੁਸਾਡੇਜੀਅਵਿਚਉਪਜੀਹੈਤਾਂਏਹੁਭਲੀਗ
ਲਹੈਤਾਂਜੈਰਾਮਨੇਪੁਛਿਆਹੇਨਾਨਕਜੀਤੁਸੀਕਛੁਤੇਰਕੀਭੀਪੜ੍ਹੇਹੋਤਾਂਗੁਰੂਨਾ
ਨਕਜੀਕਹਿਆਜੀਜਾਜੀਅਸੀਹਿੰਦਗੀਪੜ੍ਹੇਹਾਂਤਾਂਜੈਰਾਮਨੇਆਖਿਆਹੇਸ੍ਰੀ

ਨਾਨਕ ਜੀ ਮੈ ਤੁਸਾਨੂੰ ਮੋਦੀਖਾਨਾ ਨਬਾਬ ਦਾ ਲੈ ਦੇਵਾਂ ਤਾਂ ਗੁਰੂ ਨਾਨਕ ਜੀ ਆਖਿਆ
ਕਿਵੇਂ ਨਬਾਬ ਦਾ ਮੋਦੀਖਾਨਾ ਲੈ ਦੇਵਦੇ ਹੋ ਤਾਂ ਜੈਰਾਮ ਨੇ ਆਖਿਆ ਨਾਨਕ ਜੀ ਨ
ਬਾਬ ਦੌਲਤ ਖਾਨ ਲੋਦੀ ਦਾ ਤਿਸ ਦਾ ਮੋਦੀਖਾਨਾ ਵਡਾ ਹੈ ਤੁਸਾਨੂੰ ਪਾਸੋਂ ਮੇਰਾ ਹੋਇਆ
ਹੈ ਤਾਂ ਓਹ ਕਿਰਤ ਕਰੋ ਤਾਂ ਗੁਰੂ ਨਾਨਕ ਜੀ ਆਖਿਆ ਭਲਾ ਭਾਈ ਜੈਰਾਮ ਜੀ ਜੇ ਕਰ
ਤਾਰ ਨਿਬਾਹੁ ਕਰ ਦੇਵੇਗਾ ਤਾਂ ਅਸੀਂ ਓਹੋ ਕਿਰਤ ਕਰੀਏਗੇ ਤਾਂ ਗੁਰੂ ਨਾਨਕ ਜੀ ਦੀ ਭੈ
ਣ ਬੇਬੇ ਨਾਨਕੀ ਜੀ ਬੋਲੀ ਭਾਈ ਜੀ ਤੂੰ ਤਾਂ ਪਰਮੇਸਰ ਦਾ ਰੂਪ ਹੈ ਜੈਸਾ ਰਿਜਕ ਪਰਮੇ
ਸਰ ਨੇ ਦਿਤਾ ਹੈ ਤੂੰ ਭੀ ਬੈਠ ਖਾਹੁ ਅਤੇ ਅਸੀਂ ਭੀ ਪਰਮੇਸਰ ਦੇ ਦਿਤੇ ਵਿਚੋਂ ਖਾਂਦੇ ਹਾਂ ਤੂੰ
ਨਾਂ ਇਨ੍ਹਾਂ ਜੰਜਾਲਾਂ ਵਿਚ ਪਵੇਂ ਤੂੰ ਸ੍ਰੀ ਨਿਰੰਕਾਰ ਜੀ ਦਾ ਭਗਤ ਹੈਂ ਅਤੇ ਫਕੀਰਾਂ ਦਾ
ਦੋਸਤ ਮਿਲਨੇ ਵਾਲਾ ਹੈਂ ਤਾਂ ਅਗੋਂ ਗੁਰੂ ਨਾਨਕ ਜੀ ਆਖਿਆ ਭਲਾ ਬੇਬੇ ਜੀ ਜਿਵੇਂ
ਤੁਸੀਂ ਆਖਸੋ ਤਿਉਂ ਹੀ ਕਰਾਂਗੇ ਅਤੇ ਕਿਰਤ ਕਰਕੇ ਖਾਈਦੀ ਹੈ ਤਾਂ ਪਵਿਤ੍ਰ ਹੋਈਦੀ
ਦਾ ਹੈ ਅਤੇ ਤੁਰਕਾਂ ਨੇ ਭੀ ਏਹੋ ਕਹਿਆ ਹੈ ਜੋ ਹਕ ਹਲਾਲ ਕਰਕੇ ਖਾਣਾ ਭਲਾ ਹੈ ਤਾਂ
ਬੇਬੇ ਨਾਨਕੀ ਜੀ ਨੇ ਆਖਿਆ ਭਲਾ ਭਾਈ ਜੀ ਜਿਉਂ ਤੁਸਾਡੀ ਮਰਜੀ ਹੈ ਜਿਉਂ ਤੂੰ
ਹਾਨੂੰ ਜੀਆ ਵਿਚ ਚੁਪ ਜੀ ਹੈ ਸਾਈ ਭਲੀ ਗਲ ਹੈ ਜੀ ਤਾਂ ਫੇਰ ਬੇਬੇ ਨਾਨਕੀ ਜੀ ਨੇ ਜੈ
ਰਾਮ ਨੂੰ ਪੁਛਿਆ ਜੋ ਜੀ ਇਸ ਦੇ ਗਲ ਦੇ ਆਪ ਮਹਿਰਮ ਹੋ ਕਿ ਨਾਹੀ ਜੀ ਤਾਂ ਜੈਰਾ
ਮ ਬੋਲਿਆ ਅਹੋ ਬੇਦੀ ਪਰਮੇਸਰ ਦੀ ਮੈਂ ਮਹਿਰਮ ਹਾਂ ਤਾਂ ਬੇਬੇ ਨਾਨਕੀ ਜੀ ਆ
ਖਿਆ ਸੁਣੋ ਜੀ ਇਸ ਦੀ ਕਿਥਾਊਂ ਕਹਾਣੀ ਭੀ ਕਰੀਏ ਜੀ ਤਾਂ ਇਸ ਦਾ ਗ੍ਰਿਹਸਤ ਨ
ਲ ਮੋਹ ਪੈ ਜਾਵੇਗਾ ਤਾਂ ਇਸ ਪਾਸੋਂ ਕਿਰਤ ਭੀ ਹੋਇ ਆਵੇਗੀ ਤਾਂ ਜੈਰਾਮ ਨੇ ਆਖਿਆ
ਹੇ ਬੇਦੀ ਪਰਮੇਸਰ ਦੀ ਜਾਂ ਏਹੁ ਕਿਰਤ ਲਗੇਗਾ ਤਾਂ ਕੋਈ ਖਤਰੇਟਾ ਇਸ ਦੀ ਕਹਾ
ਣੀ ਭੀ ਕਰ ਜਾਸੀ ਤੂੰ ਉਤਾਵਲੀ ਨਾਂ ਹੋਹੁ ਪਰਮੇਸਰ ਨੂੰ ਚਿਤ ਕਰ ਸਭ ਕੁਛ ਹਛਾ ਹੋ
ਇ ਜਾਵੇਗਾ ਮਾਨੁਖਾਂ ਨੂੰ ਕਿਰਤ ਕਰਕੇ ਖਾਣਾ ਵਾਜਬ ਹੈ ਜਾਂ ਇਹ ਕਿਰਤੇ ਲਗੇਗਾ
ਚਾਰ ਪੈਸੇ ਇਸ ਦੇ ਪਾਸ ਹੋਵਨਗੇ ਇਜਤ ਇਤਬਾਰ ਬਣੇਗਾ ਤਾਂ ਦੇਖ ਕੇ ਲੋਕ ਕ
ਹਾਣੀ ਭੀ ਕਰ ਦੇਂਦੇ ਹੈਨ ਪਰਮੇਸਰ ਹਛੀ ਕਰੇਗਾ ਤਾਂ ਬੇਬੇ ਨਾਨਕੀ ਨੇ ਆਖਿਆ
ਭਲਾ ਜੀ ਮੈਂ ਤਾਂ ਤੁਸਾਂ ਕੋਲੋਂ ਸਿਆਣੀ ਨਾਹੀ ਜੀ ਪਰ ਜੀ ਤੁਸਾਨੂੰ ਆਖ ਛਡਣਾ
ਸੀ ਤਾਂ ਜੈਰਾਮ ਨੇ ਮਘਰ ਸੁਦੀ ਚੌਦਸ ਨੂੰ ਬਾਬੇ ਨਾਨਕ ਜੀ ਦਾ ਨਬਾਬ ਦੌਲਤ ਖਾ
ਨ ਨਾਲ ਮੇਲ ਕਰਾਇਆ ਬਾਬਾ ਨਾਨਕ ਜੀ ਅਤੇ ਜੈਰਾਮ ਅਗਲੇ ਦਿਨ ਨਬਾਬ
ਪਾਸ ਗਏ ਜੈਰਾਮ ਨੇ ਆਖਿਆ ਨਬਾਬ ਜੀ ਆਪ ਮੋਦੀਖਾਨੇ ਵਾਸਤੇ ਕਹਿਆ
ਸੀ ਸੋ ਇਹੁ ਨਾਨਕ ਨਾਮ ਇਸ ਦਾ ਹੈ ਮੋਦੀਖਾਨੇ ਦਾ ਕਾਰਕੰਮ ਇਸ ਨੂੰ ਦਿਓ ਨਬਾ

ਬਦੇਖਕਰਖੁਸੀਹੋਇਆ ਅਤੇ ਕਹਿਆ ਹੇ ਜੈਰਾਮ ਏਹ ਬਹੁਤ ਹੁਸਿਆਰ ਨਜਰ ਆਂਵਦਾ ਹੈ ਮੋਦੀਖਾਨਾ ਬਹੁਤ ਅਛਾ ਚਲਾਵੇਗਾ ਸੋ ਬੜੀ ਪ੍ਰਸੰਨਤਾ ਨਾਲ ਨਬਾਬ ਕੋਲੋ ਜੈਰਾਮ ਨੇ ਮੋਦੀਖਾਨਾ ਗੁਰੂ ਨਾਨਕ ਜੀ ਨੂੰ ਦਿਵਾਇਆ ਬੇਬੇ ਜੀ ਨੂੰ ਬਹੁਤ ਖੁਸੀ ਹੋਈ ਜੋ ਭਾਈ ਜੀ ਕਿਰਤੇ ਲਗੇ ਹੈ।

।ਸਾਖੀ ਮੋਦੀਖਾਨੇ ਦੀ ਚਲੀ।।

ਸੰਮਤ ੧੫੪੭ ।।ਮਘਰ ਦੀ ਪੂਰਨਿਆ ਵੀਰਵਾਰ ਜੈਰਾਮ ਨੇ ।। ਬਾਬ ਪਾਸੋ ਪੇਸਗੀ ਇਕ ਹਜਾਰ ਰੁਪਿਆ ਲੈ ਦਿਵਾਇਆ ਤਾਂ ਗੁਰੂ ਨਾਨਕ ਜੀ ਮੋਦੀ ਖਾਨੇ ਵਿਚ ਜਾਇ ਬੈਠੇ ਤਾਂ ਕੇਈ ਕਾਲ ਮੋਦੀਖਾਨਾ ਚਲਾਇਆ ਭਾਈ ਬਾਲੇ ਇਕ ਦਿਨ ਬੇਨਤੀ ਕੀਤੀ ਹੇ ਗੁਰੂ ਨਾਨਕ ਜੀ ਤੁਸਾਂ ਮੋਦੀਖਾਨਾ ਲੀਤਾ ਹੈ ਤੁਸੀ ਏਸ ਪਾਸੇ ਲਗੇ ਹੋ ਹੁਣ ਸਾਨੂੰ ਭੀ ਵਿਦਿਆ ਦੇਹੁ ਜੋ ਅਸੀ ਭੀ ਆਪਣੀ ਵਾਹੀ ਦੀ ਕਿਰਤ ਕਰਕੇ ਖਾਵੀਐਂਗੇ ਤਾਂ ਗੁਰੂ ਨਾਨਕ ਜੀ ਆਖਿਆ ਸੁਣ ਭਾਈ ਬਾਲਾ ਹੁਣੇ ਕਦੀ ਪ੍ਰੀਤ ਕੀਤੀਆ ਅਸਾਂ ਤਾਂ ਤੇਰੇ ਨਾਲ ਅਜੇ ਕਿਆ ਹੈ ਹੁਣੇ ਜੀਂਵਦਿਆਂ ਹੀ ਛਡ ਚਲਿਓਂ ਤਾਂ ਭਾਈ ਬਾਲੇ ਆਖਿਆ ਹੇ ਨਾਨਕ ਜੀ ਤੁਸੀ ਤਾਂ ਖਤ੍ਰੀ ਪੁਤ੍ਰ ਆਹੇ ਸੋ ਤੁਸਾਂ ਆਪਣੀ ਕਿਰਤ ਕੀਤੀਅ ਤੇ ਹੁਣ ਅਸੀ ਭੀ ਆਪਣੀ ਕਿਰਤੇ ਲਗੀਏ ਤਾਂ ਗੁਰੂ ਨਾਨਕ ਜੀ ਆਖਿਆ ਸੁਣ ਭਾਈ ਬਾਲਾ ਕੋਈ ਦਿਨ ਤੂੰ ਅਸਾਨੂੰ ਸੁਤ ਕਹਣ ਦੇਹ ਅਸੀ ਏਹੁ ਕਸਬ ਕੀ ਕਰਣਾ ਹੈ ਅਤੇ ਜੋ ਅਸਾਡੀ ਕਿਰਤ ਹੈ ਸੋਈ ਅਸੀ ਕਰਾਂਗੇ ਤੂੰ ਨਿਰੇ ਕਾਹਦਾ ਤਮਾਸਾ ਦੇਖਣੇ ਨਿਰੇ ਕਾਰ ਕਿਆ ਕਰਦਾ ਹੈ ਤੂੰ ਅਸਾਂ ਹੀ ਨਾਲ ਰਹੁ ਗੁਜਰਾਨ ਕਰ ਤਾਂ ਬਾਲੇ ਆਖਿਆ ਗੁਰੂ ਜੀ ਤੁਹਾਡੀ ਖੁਸੀ ਲੋੜੀਦੀ ਹੈ ਜਿਉ ਤੁਸੀ ਆਖਹੁਗੇ ਸੋਈ ਮੈਂ ਕਰਾਂਗਾ ਬਾਲਕੇ ਪਟੇਬੀ ਤੁਹਾਡੇ ਅਨੁਸਾਰੀ ਹਾਂ ਜਿਉਂ ਜਿਉਂ ਪ੍ਰੇਰਦੇ ਰਹੋਗੇ ਤਿਉਂ ਹੀ ਮੈਂ ਕੀਤਾ ਹੈ ਜਿਉ ਜੰਤ ਜੰਤੀ ਦੇ ਵਸ ਹੁੰਦਾ ਹੈ ਤਿਉ ਹੀ ਮੈਂ ਆਪਦਾ ਅਨੁਸਾਰੀ ਹਾਂ ਤੇਰੀਆਗਿਆ ਵਿਚ ਹਾਂ ਸੋ ਬਾਲਾ ਗੁਰੂ ਨਾਨਕ ਜੀ ਦੇ ਪਾਸ ਲਗਾ ਰਹਿਣ ਅਤੇ ਕਿਰਤ ਕਰਣ ਲਗਾ ਹਿਸਾਬ ਮਹੀਨੇ ਦੇ ਮਹੀਨੇ ਬਾਬਾ ਜੀ ਨਬਾਬ ਨਾਲ ਕਰ ਆਵੇ ਕੁਛ ਨ ਕੁਛ ਬਾਬੇ ਦਾ ਵਾਧਾ ਹੀ ਨਿਕਲੇ ਅਤੇ ਹੋਰ ਭੀ ਜੋ ਕੋਈ ਸਵਾਲੀ ਸਵਾਲ ਆਇ ਕਰੇ ਬਾਬਾ ਨਾਨਕ ਜੀ ਤੁਰਤ ਹੀ ਪੂਰਾ ਕਰ ਦੇਵੇ ਕਪੜੇ ਵਾਲੇ ਨੂੰ ਬਾਬਾ ਜੀ ਕਪੜਾ ਦੇਵੇ ਰਸਤ ਵਾਲੇ ਨੂੰ ਰਸਤ ਦੇਵੇ ਰੋਕ ਵਾਲੇ ਨੂੰ ਬਾਬਾ ਰੋਕ ਭੀ ਦੇਵੇ ਬੜੀ ਭੀੜ ਲਗੀ ਰਹੇ ਦੁਕਾਨ ਦੇ ਉਪਰ ਅਤੇ ਜੋ ਮੋਦੀਖਾਨਿਓ ਨਬਾਬ ਦੇ ਹੁਕਮ ਨਾਲ ਕਿਸੇ ਨੂੰ ਮਿਲੇ ਤਾਂ ਪੰਜ ਸੇਰ ਦੀ ਜਗਾ ਸਾਢੇ ਪੰਜ ਸੇਰ ਓਸ ਨੂੰ ਬਾਬਾ ਨਾਨਕ ਜੀ

ਤੇਲ ਦੇਂਦੇ ਸਨ ਲੋਕ ਬੜੇ ਖੁਸੀ ਖੁਸੀ ਜਾਂਦੇਨ ਅਤੇ ਬੜੇ ਅਸੀਸ ਦਾਂਦੇ ਦੇਂਦੇਨ
ਇਸੇ ਤਰਾਂ ਬਾਬੇ ਦੀ ਸੋਭਾ ਸਾਰੇ ਨਗਰ ਫੈਲ ਗਈ ਤਿਲਵੰਡੀ ਵਿਚ ਇਕ ਨਾ
ਰਬਾਬੀਆਂ ਨੇ ਜਾਇ ਕਰ ਬਾਬਾ ਨਾਨਕ ਜੀ ਦੀ ਬੜੀ ਕੀਰਤੀ ਕੀਤੀ ਤਾਂ ਮਹਿਤੇ ਕਾ
ਲੂ ਨੇ ਸੁਣਿਆ ਜੋ ਸੁਲਤਾਨਪੁਰ ਵਿਚ ਨਾਨਕ ਜੀ ਬੜੀ ਬਖਸੀਸ ਕਰਦਾ ਹੈ ਜੋ ਕੋ
ਈ ਕੁਛ ਆਇ ਮੰਗਦਾ ਹੈ ਸੋ ਉਸਨੂੰ ਨਾਨਕ ਜੀ ਤੁਰਤ ਦੇ ਦਿੰਦਾ ਹੈ ਏਹੁ ਬਾਤ ਕਾ
ਲੂ ਸੁਣ ਕੇ ਰਹਿ ਨ ਸਕਿਆ ਤੁਰਤ ਸੁਲਤਾਨਪੁਰ ਨੂੰ ਤੁਰ ਆਇਆ ਸੁਲਤਾਨ
ਪੁਰ ਵਿਚ ਭੀ ਬਹੁਤ ਲੋਕ ਬਾਬੇ ਦਾ ਜਸ ਕਰੇਂ ਤਾਂ ਮਹਿਤਾ ਕਾਲੂ ਗੁਰੂ ਨਾਨਕ ਜੀ ਨੂੰ ਮਿ
ਲਿਆ ਗੁਰੂ ਨਾਨਕ ਜੀ ਮਹਿਤੇ ਜੀ ਨੂੰ ਦੇਖ ਕਰ ਉਠਿਆ ਅਰ ਪੈਰਾਂ ਤੇ ਹਥ ਪਾਇਆ
ਤਾਂ ਮਹਿਤੇ ਗੁਰੂ ਨਾਨਕ ਜੀ ਨੂੰ ਬਗਲ ਵਿਚ ਲੀਤਾ ਅਤੇ ਮਥਾ ਚੁੰਮਿਆ ਤੇ ਗਲ ਨਾ
ਲ ਲਾਇਆ ਫੇਰ ਭਾਈ ਬਾਲੇ ਪੈਰੀ ਪਉਣਾ ਹੋਇਆ ਫੇਰ ਮਹਿਤਾ ਜੀ ਅਤੇ ਬਾ
ਬਾ ਨਾਨਕ ਜੀ ਰਲ ਕੇ ਜੈਰਾਮ ਨੂੰ ਮਿਲਣ ਆਏ ਤਾਂ ਜੈਰਾਮ ਉਠ ਖਲੋਤਾ ਮਹਿ
ਤੇ ਦੇ ਪੈਰਾਂ ਤੇ ਮਥਾ ਟੇਕਿਓਸ ਤਾਂ ਜੈਰਾਮ ਨੂੰ ਮਹਿਤੇ ਗਲ ਨਾਲ ਲਾਇਆ ਅਤੇ
ਬੇਬੇ ਨਾਨਕੀ ਦੇ ਸਿਰ ਤੇ ਪਿਆਰ ਦਿਤਾ ਜੋ ਰਾਹ ਖਰਚ ਸੀ ਕਪੜਾ ਗਹਿਣਾ ਦੇ ਕੇ ਬੇ
ਬੇ ਨੂੰ ਮਹਿਤੇ ਦਿਤਾ ਬੜੀ ਖੁਸੀ ਹੋਈ ਬੈਠੇ ਅਰ ਬਾਤਾਂ ਕਰਦੇ ਕਰਦੇ ਮਹਿਤੇ ਕਾਲੂ
ਨਾਨਕ ਜੀ ਨੂੰ ਪੁਛਿਆ ਆਖ ਬੱਚਾ ਨਾਨਕ ਤੈਨੂੰ ਜੋ ਇਤਨਾ ਚਿਰ ਹੋਇਆ ਹੈ ਇਥੇ ਆ
ਇਆਂ ਸੋ ਕਿਆ ਖਟਿਆ ਅਤੇ ਕਿਆ ਸੰਚਿਆ ਹਈ ਅਤੇ ਕਿਤਨਾ ਗਵਾਇਆ
ਹਈ ਤਾਂ ਬਾਬੇ ਨਾਨਕ ਜੀ ਆਖਿਆ ਮਹਿਤਾ ਜੀ ਬਹੁਤ ਕੁਛ ਖਟਿਆ ਅਤੇ ਬਹੁਤ
ਕੁਛ ਖਾਧਾ ਅਤੇ ਲੇਖਾ ਭੀ ਨਵਾਬ ਨਾਲ ਕਰਦੇ ਹੀ ਰਹੇ ਹਾਂ ਅਰ ਜੋ ਕੁਛ ਪੈਸੇ ਦਾ ਪ
ਦੇ ਰਹੇ ਸੋ ਨਵਾਬ ਕੋਲੋਂ ਲੈਂਦੇ ਹੀ ਰਹੇ ਹਾਂ ਪਰ ਅਸਾਡੇ ਪਾਸੋਂ ਕੋਈ ਦਮੜੀ ਯਾ ਕਉਡੀ
ਟਿਕਦੀ ਨਾਹੀਂ ਤਾਂ ਏਹ ਗਲ ਸੁਣ ਕੇ ਮਹਿਤਾ ਕਾਲੂ ਬਾਲੇ ਨਾਲ ਲਗਾ ਲੜਨ ਅ
ਤੇ ਬੜੇ ਦੁਰ ਬਚਨ ਬੋਲਣ ਲਗਾ ਤਾਂ ਗੁਰੂ ਨਾਨਕ ਜੀ ਨੇ ਭਾਈ ਬਾਲੇ ਨੂੰ ਸਾਰਤ ਕੀ
ਤੀ ਜੋ ਭਾਈ ਬਾਲਾ ਕਾਲੂ ਨਾਲ ਬੋਲਣਾ ਨਹੀਂ ਤਾਂ ਬਾਲਾ ਚੁਪ ਕਰ ਰਿਹਾ ਤਾਂ ਫੇਰ
ਕਾਲੂ ਨੇ ਆਖਿਆ ਜੋ ਮੈਂ ਤਾਂ ਜਾਤਾ ਸੀ ਨਾਨਕ ਕਿਰਤ ਕਰਣ ਲਗਾ ਹੈ ਅਤੇ ਜੋ
ਕੁਛ ਮੇਰਾ ਗਵਾਇਆ ਹੈ ਸੁ ਸੋ ਮੈਨੂੰ ਖਟ ਕੇ ਦੇਸੀ ਏਹੋ ਜੇਹੀਆਂ ਗਲਾਂ ਕਾਲੂ ਲ
ਗਾ ਕਰਨ ਜੇਹੀਆਂ ਕਾਲੂ ਦੀਆਂ ਆਹੀਆਂ ਫੇਰ ਜੈਰਾਮ ਨੂੰ ਆਖਿਓਸ ਤੁਸਾਂ ਨੂੰ
ਭੀ ਇਸ ਦੀ ਖਬਰ ਸਾਰ ਲੈਂਦੇ ਰਹਣੀ ਸੀ ਅਰ ਨਾ ਤੁਸਾਂ ਕਿਛੁ ਕਿਰਤ ਦੀ ਖਟੀ
ਸੰਭੀ ਨਾ ਇਸ ਦੀ ਕਿਧਰੇ ਕਾਹਣੀ ਕੀਤੀ ਤਾਂ ਬੇਬੇ ਨਾਨਕੀ ਜੀ ਬੋਲੀ ਮਹਤਾ ਜੀ

ਏਥੇ ਜੋ ਏਹੁ ਆਇਆ ਹੈ ਸੋ ਤੁਹਾਡਾ ਕੁਛ ਗਵਾਇਆ ਨਾਹੀ ਅਤੇ ਤੁਸੀ ਸ਼ੁਕਰ
ਨਾਹੀ ਕਰਦੇ ਜੋ ਕਿਰਤੇ ਨਾਨਕ ਜੀ ਲਗਾ ਹੈ ਅਤੇ ਕਿਰਤ ਵਿਚ ਪਰਚਿਆ ਹੈ ॥
ਜਾਂਤੇ ਕਿਰਤ ਨਹੀ ਸੀ ਕਰਦਾ ਜਦ ਤਾਂ ਤੁਸੀ ਏਹੋ ਆਖਦੇ ਸੇ ਜੋ ਕਿਰਤ ਨਹੀ ਕਰ
ਦਾ ਨਾਨਕ ਸੁੰਨ ਹੋਇ ਕਰ ਬੈਠ ਰਹਿੰਦਾ ਹੈ ਹੁਣ ਕਿਰਤੇ ਲਗਾ ਹੈ ਇਕ ਦਿਨ ਖੱਟ
ਭੀ ਰਹਿਸੀ ਅਤੇ ਹੁਣ ਕਥਾ ਕਹਾਣੀ ਦੀ ਭੀ ਟੋਲ ਹੈ ਹੁਣੇ ਅਜ ਕਲ ਕਿਤੇ ਵਲੋਂ ਹੋ
ਇ ਪਉਂਦੀ ਹੈ ਅਤੇ ਨਾਨਕ ਜੀ ਨੇ ਕਛੁ ਅਸਾਡਾ ਗਵਾਇਆ ਨਾਹੀ ਅਰ ਅਸਾਂ ਹੋ
ਰ ਕਿਆ ਕਰ ਵੇਖਣਾ ਹੈ ਅਤੇ ਸੁਣੋਂ ਪਿਤਾ ਜੀ ਤੇਰੇ ਪਾਸੋ ਹੋਇ ਆਂਵਦੀ ਹੈ ਤਾਂ ਤੁਸੀ
ਕਰਹੁ ਜੀ ਅਤੇ ਜੇਹਾ ਸਾਨੂੰ ਦਰਦ ਹੈ ਤੇਰਾ ਅਸਾਥੋਂ ਦੂਣਾ ਦਰਦ ਤੈਨੂੰ ਹੈ ਤਾਂ ਕਾਲੂ
ਨੇ ਆਖਿਆ ਹੇ ਪੁਤ੍ਰ ਨਾਨਕੀ ਜੀ ਜੋ ਮੇਰੇ ਪਾਸੋ ਹੋਇ ਆਵੇਗੀ ਤਾਂ ਹੋਰ ਕਿਆ ਚਾ
ਹੀਦਾ ਹੈ ਹੇ ਪੁਤ੍ਰ ਨਾਨਕੀ ਜੋ ਕਰੇਂਗੇ ਤਾ ਭਲੀ ਥਾਇ ਖਤ੍ਰੀ ਵੇਖਕੇ ਕਰਨੀ ਜੇਹੀ
ਕੇਹੀ ਥਾਇ ਨਾ ਹੋਵੇ ਤਾਂ ਫੇਰ ਜੈਰਾਮ ਬੋਲਿਆ ਮਹਿਤਾ ਜੀ ਅਸਾਂ ਮਿਨਤ ਨਾਹੀ
ਲਾਵਣੀ ਅਰ ਮੂਲਾ ਚੋਣਾ ਖਤ੍ਰੀ ਪਖੋਕੇ ਰੰਧਾਵੇ ਰਹਿੰਦਾ ਹੈ ਸੋ ਉਸਦੇ ਘਰ ਧੀਅ
ਹੈਗੀ ਹੈ ਪਖੋਕੇ ਰੰਧਾਵਿਆਂ ਦਾ ਪਟਵਾਰੀ ਹੈ ਅਤੇ ਪੁੰਨ ਅਰਥ ਕਮਾਣੀ ਕਰ
ਦਾ ਹੈ ਅਤੇ ਬਹੁਤ ਅਸਾਂ ਉਥੇ ਕਹਾਣੀ ਦੀ ਟੋਲ ਹੈ ਅਤੇ ਅਗੇ ਜੋ ਕਰਤੇ ਨੂੰ ਭਾ
ਵੇਗੀ ਸੋਈ ਹੋਇਗੀ ਅਰ ਮਹਿਤਾ ਜੀ ਤੁਸੀ ਚਿਤ ਥਾਇ ਰਖੋ ਕਰਤਾਰ ਭਲੀ ਕ
ਰੇਗਾ ਤਾਂ ਕਾਲੂ ਕਹਿਆ ਹੇ ਪੁਤ੍ਰ ਜੈਰਾਮ ਨਾਨਕੀ ਦਾ ਸੁਖ ਮੁਰਾਦ ਤਾਂ ਮੈਂ ਡਿਠਾ ਹੈ ਪ
ਰ ਹੁਣ ਨਾਨਕ ਜੀ ਦਾ ਭੀ ਸੁਖ ਮੁਰਾਦ ਆਪਣੇ ਜੀਵਦੇ ਜੀਵ ਦੇਖਾਂ ਤਾਂ ਮੇਰਾ
ਮਨ ਠੰਢਾ ਹੋਵੇਗਾ ਤਾਂ ਫੇਰ ਜੈਰਾਮ ਨੇ ਆਖਿਆ ਹੇ ਮਹਿਤਾ ਜੀ ਤੁਸੀ ਇਥੇ ਹੀ ਰਹੋ
ਅਤੇ ਅੰਮਾ ਬੀਬੀ ਜੀ ਨੂੰ ਭੀ ਇਥੇ ਹੀ ਸਦਵਾਇ ਲੈਂਦੇ ਹੈ ਤਾਂ ਫੇਰ ਕਾਲੂ ਨੇ ਕਹਿਆ
ਹੇ ਪੁਤ੍ਰ ਜੈਰਾਮ ਮੇਰਾ ਇਥੇ ਰਹਿਣਾ ਨਹੀ ਬਣਦਾ ਅਤੇ ਮੈਂ ਉਥੇ ਹੀ ਬੁਢਾ ਹੋਇਆ
ਹਾਂ ਸਾਰਾ ਪਟਵਾਰ ਦਾ ਕੰਮ ਰਾਇ ਬੁਲਾਰ ਦਾ ਮੇਰੇ ਅਖਤਿਆਰ ਹੈ ਤਾਂ ਜੈਰਾਮ ਨੇ
ਆਖਿਆ ਹੇ ਮਹਿਤਾ ਜੀ ਤੂੰ ਮੇਰੇ ਪਰ ਪਰਮਾਨੰਦ ਪਿਤਾ ਜੀ ਦੀ ਜਾਹਿਗਾ ਹੈ ਮੇ
ਰੇ ਪਿਤਾ ਹੋ ਤਾਂ ਫੇਰ ਕਾਲੂ ਨੇ ਆਖਿਆ ਸੁਣੋ ਜੈਰਾਮ ਜਿਸ ਵੇਲੇ ਨਾਨਕ ਜੀ ਦੀ ਕੁ
ੜਮਾਈ ਹੋਈ ਸੋ ਉਸੇ ਵਖਤ ਮੈਨੂੰ ਖਬਰ ਕਰਨੀ ਅਤੇ ਸੁਣ ਜੈਰਾਮ ਨਾਨਕ ਜੀ
ਨੂੰ ਨਜਰ ਵਿਚ ਰਖਣਾ ਜੋ ਪੈਸਾ ਟਕਾ ਕਿਤੇ ਵਲ ਲਗਾਵੇ ਨਾਹੀ ਤਾਂ ਫੇਰ ਬੇਬੇ ਨਾ
ਨਕੀ ਨੇ ਆਖਿਆ ਹੇ ਪਿਤਾ ਜੀ ਤੂੰ ਸ਼ੁਕਰ ਨਹੀ ਕਰਦਾ ਜੋ ਇਥੇ ਪਰਚਿਆ ਹੈ
ਅਤੇ ਤੂੰ ਨਿਤ ਨਿਤ ਏਹੋ ਆਖਦਾ ਹੋਂ ਜੋ ਅਜ ਨਾਨਕ ਏਹੁ ਗਵਾਇਆ ਹੈ ਅ

ਅਰ ਅੱਜ ਏਹੁ ਗਵਾਹਿ ਆਇਆ ਹੈ ਸੁਣੋ ਪਿਤਾ ਜੀ ਜੇ ਕੋਈ ਚੋਰੀ ਯਾਰੀ ਕਰਕੇ
ਧਨ ਖਰਾਬ ਕਰਦਾ ਹੋਵੈ ਤਾਂ ਅਸੀ ਹਟਕੀਏ ਆਪਣੀ ਖਟੀ ਕਮਾਈ ਵਿਚੋਂ ਨੰਗੇ ਭੁ
ਖੇ ਨੂੰ ਕਪੜਾ ਰੋਟੀ ਦੇਂਦਾ ਹੈ ਸੋ ਜੁਗਤ ਪਾਜੇ ਲਗੇ ਹੋਏ ਨੂੰ ਅਸੀ ਕਿਵੇਂ ਕਰ ਹਟਾਈਏ
ਖੋਟੇ ਕਰਮ ਕਰਦਾ ਹੋਵੈ ਤਾਂ ਹਟਾਵਣਾ ਧਰਮ ਹੈ ਅਤੇ ਜਦ ਫਕੀਰਾਂ ਨੂੰ ਖਵਾਇਦਾ
ਹੈ ਤਾਂ ਸੁਣੋ ਪਿਤਾ ਜੀ ਸਾਡਾ ਮਨ ਵਡਾ ਡਰਦਾ ਹੈ ਜੋ ਦੌਲਤ ਖਾਨ ਵਡਾ ਗਾਢਾ ਹ
ਈ ਫਕੀਰਾਂ ਦੀ ਭੀੜ ਨਹੀ ਤੇ ਹਰ ਵੇਲੇ ਲਗੀ ਰਹਿੰਦੀ ਹੈ ਸਾਡਾ ਜੀਉ ਕੰਬਦਾ
ਹੈ ਜੋ ਸਰਕਾਰ ਦੇ ਪੈਸੇ ਨਾ ਘਟ ਜਾਵਨ ਕਿਵੇਂ ਅਸੀ ਸਰਕਾਰ ਵਲੋਂ ਸੁਰਖਰੂ ਹੋ
ਵੀਏ ਅਤੇ ਸੁਣੋ ਪਿਤਾ ਜੀ ਜਦ ਜਦ ਲੇਖਾ ਹੁੰਦਾ ਹੈ ਤਾਂ ਤੋਟੇ ਨਹੀ ਇਸੇ ਦਾ ਵਾਧਾ
ਨਿਕਲਦਾ ਹੈ ਇਸ ਤੇ ਜਾਣੀਦਾ ਹੈ ਜੋ ਏਹੁ ਮਨੁਖ ਨਹੀ ਏਹ ਤਾਂ ਆਪ ਨਿਰੰਕਾਰ ਹੈ
ਅਸੀ ਇਸੀ ਵਾਸਤੇ ਕੁਛ ਆਖ ਨਹੀ ਸਕਦੇ ਤਾਂ ਕਾਲੂ ਨੇ ਆਖਿਆ ਪੁਤ੍ਰ ਜੈਰਾ
ਮ ਜਦ ਫੇਰ ਲੇਖਾ ਹੋਵੈ ਅਤੇ ਨਾਨਕ ਦਾ ਜੋ ਕੁਛ ਵਧੇ ਸੋ ਤੁਸਾਂ ਆਪਣੀ ਵਲ ਲਿਕ
ਲੈਣਾ ਤਾਂ ਭਲਾ ਕਰੋਗੇ ਅਤੇ ਨਾਨਕ ਦੇ ਭਾਣੇ ਤਾਂ ਲਖ ਕਖ ਬਰਾਬਰ ਹੈ ਅਤੇ ਬਾਲੇ
ਨੂੰ ਭੀ ਸਦ ਕਰ ਸਮਝਾਈਏ ਤੁਸੀ ਭੀ ਆਖੋ ਅਤੇ ਮੈਂ ਭੀ ਆਖਨਾ ਹਾਂ ਤਾਂ ਜੈਰਾਮ ਨੇ
ਆਪਣਾ ਆਦਮੀ ਭੇਜ ਕੇ ਭਾਈ ਬਾਲੇ ਨੂੰ ਸਦ ਵਾਇਆ ਤਾਂ ਭਾਈ ਬਾਲਾ ਆਇ
ਹਾਜਰ ਹੋਇਆ ਤਾਂ ਭਾਈਏ ਜੈਰਾਮ ਆਖਿਆ ਭਾਈ ਬਾਲਾ ਤੂੰ ਗੁਰੂ ਨਾਨਕ ਜੀ ਦਾ
ਖਾਸ ਹਜੂਰੀ ਯਾਰ ਹੈਂ ਅਤੇ ਅਸੀ ਤੈਨੂੰ ਇਉ ਕਰਕੇ ਜਾਣਦੇ ਹਾਂ ਜੈਸਾ ਗੁਰੂ ਨਾਨਕ ਹੈ
ਤੇਹਾ ਹੀ ਤੂੰ ਪਰ ਨਾਨਕ ਜੀ ਦਾ ਤੂੰ ਖਬਰਦਾਰ ਰਹੇ ਮਤ ਟਕਾ ਪੈਸਾ ਐਰ ਗੈਰ ਜਾਹਿ ਗਾ ਗ
ਵਾਇ ਨਾਹੀ ਤਾਂ ਫੇਰ ਕਾਲੂ ਨੇ ਭੀ ਏਹੋ ਆਖਿਆ ਹੈ ਹੇ ਪੁਤ੍ਰ ਬਾਲਾ ਤੈਨੂੰ ਨਾਲ ਰਹਿਆਂ
ਦੀ ਲਾਜ ਸਰਮ ਏਹੋ ਹੈ ਗਈ ਜੋ ਨਾਨਕ ਪੈਸਾ ਬਹੁਤ ਜਮਾ ਕਰੇ ਜੈਰਾਮ ਦੇ ਆਖੇ ਦੀ ਤ
ਬੁਰੀ ਨਾਹੀ ਸੀ ਲਗੀ ਪਰ ਕਾਲੂ ਦੇ ਆਖੇ ਦੀ ਬਹੁਤ ਬੁਰੀ ਲਗੀ ਤਾਂ ਬਾਲੇ ਨੂੰ ਰੋਹ ਆ
ਇਆ ਤੇ ਕਾਲੂ ਨੂੰ ਆਖਿਆ ਮਹਿਤਾ ਜੀ ਮਤ ਕੋਈ ਜੀਅ ਵਿਚ ਗੁਮਾਨ ਹੋਈ ਜੋ ਬਾ
ਲਾ ਨਾਨਕ ਜੀ ਦੇ ਨਾਲ ਰਹਿੰਦਾ ਹੈ ਸੋ ਕੁਛ ਫਜੂਲੀ ਕਰਦਾ ਹੋਸੀ ਸੁਣੋ ਮਹਿਤਾ ਜੀ
ਅਸਾਨੂੰ ਛਡਣੇ ਤਾਂ ਪਿਉ ਭੀ ਬੁਰੀ ਵਸਤ ਹਈ ਅਤੇ ਅਸਾਨੂੰ ਤਾਂ ਏਹਾ ਭੁਖ ਹਈ ਜੋ
ਸ੍ਰੀ ਨਾਨਕ ਜੀ ਜੋ ਕਰੇ ਸੁ ਕਰੇ ਅਤੇ ਅਸੀ ਅਗੋ ਉਜਰ ਨਾਹੀ ਕਰੀਏ ਤੇ ਸੁਣੋ ਮਹਤਾ
ਜੀ ਜੇ ਕੁਛ ਤੇਰੇ ਕੋਲੋ ਹੁੰਦਾ ਹੈ ਤਾਂ ਤੂੰ ਆਪ ਇਥੇ ਆਇ ਕੇ ਬੈਠ ਅਤੇ ਸੋ ਕੁਛ ਹਥ ਆਵੀ
ਸੋ ਲੈਂਦਾ ਜਾਹੁ ਅਤੇ ਅਸਾਂ ਕੋਲੋ ਤਾਂ ਕੁਛ ਨਾਂਹੀ ਹੁੰਦਾ ਜੋ ਨਾਨਕ ਜੀ ਨੂੰ ਅਸੀ ਕੁਛ ਆ
ਖੀਏ ਏਥੋਂ ਜੈਰਾਮ ਬੋਲਿਆ ਸੁਣੋ ਮਹਿਤਾ ਜੀ ਬਾਲਾ ਸਚ ਆਖਦਾ ਹੈ ਨਾਨਕ ਜੀ

ਤਾਂ ਆਦਮੀ ਨਾਹੀ ਓਹ ਤਾਂ ਸਾਨੂੰ ਪਰਮੇਸਰ ਹੀ ਨਜਰੀ ਆਂਵਦਾ ਹੈ ਪਰ
ਭਲਾ ਮਹਿਤਾ ਜੀ ਹੁਣ ਤਾਂ ਤੁਸੀ ਜਿਧਾਵੇ ਅਤੇ ਜਿਤੁ ਵੇਲੇ ਨਾਨਕ ਜੀ ਦੀ ਕੁੜਮਾਈ ਹੋ
ਈ ਸੀ ਤਿਤੁ ਘੜੀ ਅਸਾਂ ਸਿਤਾਬੀ ਕਾਰਜ ਕਰਣਾ ਹੈ ਡੇਰ ਨਾਨਕ ਜੀ ਦਾ ਕਬੀਲੇ ਆਪਣੇ
ਨਾਲ ਮੋਹੁ ਪੈ ਜਾਵੇਗਾ ਤਾਂ ਆਪੇ ਹੀ ਸਮਝ ਜਾਵੇਗਾ ਤਾਂ ਕਾਲੂ ਆਪਣੇ ਘਰ ਨੂੰ ਤੁਰ ਆਇਆ
ਆਇ ਤਲਵੰਡੀ ਰਹਿਆ [illegible] ਬੀਬੀ ਜੀ ਨੇ ਨਾਨਕ ਜੀ ਦੀ ਅਤੇ ਨਾਨਕ ਜੀ ਦੀ ਖਬਰ
ਪੁਛੀ ਤਾਂ ਕਾਲੂ ਆਖਿਆ ਨਾਨਕ ਜੀ ਚੰਗੀ ਤਾ ਓਹੋ ਹੀ ਹੈ ਓਹ ਆਪਣੀ ਚਾਲੀ ਨਾਹੀ ਛਡ
ਦਾ ਫਕੀਰਾਂ ਦੀ ਭੀੜ ਓਹਦੀ ਉਤੇ ਲਗੀ ਰਹਿੰਦੀ ਹੈ ਕੋਈ ਆਇ ਕਰੇ ਸੋ ਕੁਛ ਮੰਗੇ ਓਸੇ
ਨੂੰ ਓਹੋ ਕੁਛ ਦੇ ਦਿੰਦਾ ਹੈ ਇਸੀ ਤਰਾਂ ਜਦ ਇਕ ਮਹੀਨਾ ਗੁਜਰਿਆ ਤਾਂ ਗੁਰੂ ਨਾਨਕ ਜੀ
ਦੇ ਉਪਰ ਇਕ ਮਸੰਦੇ ਆਦਮੀ ਜੇਸਨੂੰ ਨੈ ਜੈਰਾਮ ਪਾਸ ਚੁਗਲੀ ਖਾਧੀ ਕਿ ਸੁਣ ਜੈਰਾ
ਮ ਤੇਰਾ ਸਾਲਾ ਜੋ ਮੋਦੀ ਹੈ ਸੋ ਤੂੰ ਉਸਨੂੰ ਸਮਝਾਇੰਦਾ ਨਾਹੀ ਅਤੇ ਤੂੰ ਜਾਣਦਾ ਹੈਂ ਜੋ ਪ
ਰਾਣਦੀ ਖੋਇ ਕੇਸੀ ਹੈ ਅਤੇ ਨਾਨਕ ਪੈਸੇ ਖਰਚ ਕਰਦਾ ਹੈ ਕੁਛ ਵਿਲ ਨਾਹੀ ਕ
ਰਦਾ ਨਬਾਬ ਨੇ ਸੁਣਿਆ ਤਾਂ ਬਾਕੀ ਤੇਰੇ ਪਾਸੇ ਵਸੂਲ ਕਰੇਗਾ ਤਾਂ ਜੈਰਾਮ ਨੇ ਏਹ ਗਲ ਸੁ
ਣ ਕੇ ਬਹੁਤਾ ਹੀ ਗਮ ਖਾਧਾ ਅਰ ਬਹੁਤਾ ਚਿਤਾਵਾਨ ਹੋਇ ਕਰ ਘਰ ਨੂੰ ਆਇਆ ਅੰ
ਤੇ ਆਂਵਦੇ ਨੂੰ ਨਾਨਕੀ ਨੇ ਦੇਖਿਆ ਕਿ ਹੇ ਪਰਮੇਸਰ ਜੀ ਅਜ ਕਿਆ ਹੋਇਆ ਕੈਸੇ ਚਿ
ਤਾਵਾਨ ਹੈਨ ਤਾਂ ਜਿਸ ਵਖਤ ਬੈਠੇ ਤਾਂ ਨਾਨਕੀ ਨੂੰ ਇਕਤੁ ਲੈ ਬੈਠ ਅਤੇ ਆਖਣ ਲਗ
ਹੇ ਪਰਮੇਸਰ ਦੀ ਬੇਟੀ ਤੂੰ ਸੁਣ [illegible] ਨੇ ਸਬਬ ਸਨੇ ਮੈਨੂੰ ਆਖਿਆ ਹੈ ਸੁਣ ਜੈਰਾਮ
ਤੇਰਾ ਸਾਲਾ ਮੋਦੀ ਪੈਸੇ ਲੁਟਾਂਵਦਾ ਹੈ ਸੋ ਤੂੰ ਉਸਨੂੰ ਸਮਝਾਇੰਦਾ ਕਿਉਂ ਨਾਹੀ ਸੋ ਤੂੰ ਹੁ
ਣ ਮੈਨੂੰ ਮਸਲਤ ਕੇਹੀ ਸਲਾਹ ਦੇ ਜੋ ਹੁਣ ਮੈਂ ਕਿਆ ਕਰਾਂ ਇਸ ਬਾਤ ਨੂੰ ਸੁਣ ਕਰ
ਅਗੋਂ ਨਾਨਕੀ ਜੀ ਨੇ ਆਖਿਆ ਜੀ ਜੋ ਕੁਛ ਤੁਸਾਡੇ ਜੀਅ ਵਿਚ ਆਵੇ ਸੋ ਕਰੋ ਜੀ ਮੈਂ
ਕਿਆ ਆਖਣਾ ਹੈ ਜੀ ਅਤੇ ਮੈਂ ਭੀ ਤੁਸਾਡੇ ਹੀ ਆਖੇ ਵਿਚ ਚਲਣਾ ਹੈ ਜੀ ਪਰ ਜੀ ਤੁਹਾ
ਨੂੰ ਅਜੇ ਪਰਤੀਤ ਨਹੀਂ ਆਂਵਦੀ ਅਤੇ ਤੁਸੀ ਜਾਣਦੇ ਹੋਵੋਗੇ ਜੋ ਭਰਾ ਉਹਦੀ ਰਖਣੀ ਕਰ
ਦੀ ਹੈ ਪਰ ਜਿਥੋਂ ਤੋੜੀ ਸੰਸਾਰ ਦੇ ਵਿਚ ਮਾਇਆ ਹੈ ਸੋ ਸਭ ਸੇਦਾ ਖਾਵੰਦ ਮਾਲਕ
ਨਾਨਕ ਜੀ ਹੈ ਅਤੇ ਸਭੋ ਮਾਇਆ ਨਾਨਕ ਜੀ ਦੇ ਹਥਾਂ ਵਿਚੋ ਨਿਕਲਦੀ ਹੈ ਇਸਦੇ
ਹੁਕਮ ਵਿਚ ਕਾਰ ਕਰਦੀ ਹੈ ਮਾਇਆ ਸਾਰੇ ਸੰਸਾਰ ਦੀ ਪਰ ਜੀ ਭਲਾ ਤੁਸਾਡੇ ਜੀਅ
ਵਿਚ ਵਰਤੀ ਹੈ ਤਾਂ ਤੁਸੀ ਜਾਣੋ ਪਰ ਹੁਣ ਤੁਸੀ ਇਕ ਵਾਰੀ ਲੇਖਾ ਕਰੋ ਭਾਵੇ ਵਧੇ ਭਾ
ਵੇਂ ਨਾ ਵਧੇ ਘਟੇ ਕੁਛ ਨਾਹੀ ਤਾਂ ਤੁਸੀ ਕਿਸੇ ਦੇ ਕਹੇ ਸੁਣੇ ਭੁਲਣਾ ਨਾਹੀ ਤਾਂ ਜੈਰਾਮ ਨੇ
ਕਹਿਆ ਨਾ ਬਾਹੂ ਜੀ ਮੈਂ ਲੇਖਾ ਨਾਹੀ ਸੰਭਾਲਦਾ ਜੇ ਤਾਂ ਤੁਸਾਨੂੰ ਪਰਤੀਤ ਹੈ ਤਾਂ ਮੈਂ ਕਿ

ਆ ਕਹਿਣਾ ਹੈ ਤਾਂ ਫੇਰ ਨਾਨਕੀ ਨੇ ਕਹਿਆ ਜੀ ਹੁਣ ਤੁਸੀ ਗਈ ਗਲ ਨ ਕਰੋ ਅ
ਤੇ ਮੇਰੇ ਭਾਈ ਜੀ ਨੂੰ ਸਦਾਇ ਦੀਚਹ ਤਾਂ ਬੇਬੇ ਨਾਨਕੀ ਜੀ ਨੇ ਤੁਲਸਾਂ ਲੌਂਡੀ ਨੂੰ ਆਖਿਆ
ਜੋ ਤੁਲਸਾਂ ਤੂੰ ਮੇਰੇ ਭਾਈ ਜੀ ਨੂੰ ਜਾਇ ਕੇ ਕਹੁ ਭਾਈ ਜੀ ਤੁਸੀ ਮਿਹਰ ਵਨਗੀ ਕਰ
ਕੇ ਅਸਾਨੂੰ ਦਰਸਨ ਦੇ ਜਾਵੋ ਤਾਂ ਤੁਲਸਾ ਲੌਂਡੀ ਗੁਰੂ ਨਾਨਕ ਜੀ ਪਾਸ ਗਈ ਜਾਇ ਕ
ਰ ਨਮਸਕਾਰ ਕੀਤੋਸ ਤਾਂ ਗੁਰੂ ਨਾਨਕ ਜੀ ਆਖਿਆ ਕਿਉ ਤੁਲਸਾਂ ਅਜ ਤੂੰ ਕਿਉ ਆ
ਈ ਹੈਂ ਤਾਂ ਤੁਲਸਾਂ ਨੇ ਆਖਿਆ ਹੇ ਠਾਕਰ ਜੀ ਬਹੂ ਜੀ ਨੇ ਕਹਿਆ ਹੈ ਜੋ ਮੈਨੂੰ ਆਪ
ਣਾ ਦਰਸਣ ਦੇ ਜਾਵਹੁ ਸੋ ਇਸੇ ਵਾਸਤੇ ਮੈਂ ਆਈ ਹਾਂ ਜੀ ਤਾਂ ਗੁਰੂ ਨਾਨਕ ਜੀ ਕਹਿ
ਆ ਭਾਈ ਬਾਲਾ ਮੈਨੂੰ ਬੇਬੇ ਜੀ ਨੇ ਕਿਉ ਸਦਿਆ ਹੈ ਤਾਂ ਬਾਲੇ ਕਹਿਆ ਗੁਰੂ ਜੀ ਕਿਸੇ ਵ
ਸਤੇ ਸਦਿਆ ਹੋਸੀ ਤਾਂ ਗੁਰੂ ਨਾਨਕ ਜੀ ਆਖਿਆ ਸੁਣ ਭਾਈ ਬਾਲਾ ਮੇਰਾ ਜੀਉ
ਉਮਾਹੀਂਦਾ ਹੈ ਜੋ ਮੇਰੇ ਉਤੇ ਕਿਸੇ ਚੁਗਲੀ ਖਾਧੀ ਹੈ ਤਾਂ ਬਾਲੇ ਕਹਿਆ ਗੁਰੂ ਜੀ ਤੇਰੇ
ਉਤੇ ਕਿਸੇ ਕਿਆ ਚੁਗਲੀ ਕਰਨੀ ਹੈ ਤਾਂ ਗੁਰੂ ਨਾਨਕ ਕਹਿਆ ਭਾਈ ਬਾਲਾ ਅੰਦਰੋ
ਪਤਾਸਿਆਂ ਦਾ ਭਾਂਡਾ ਫੜ ਲਿਆਉ ਤਾਂ ਬਾਲਾ ਪਤਾਸਿਆਂ ਦਾ ਭਾਂਡਾ ਲੈ ਆਇਆ ਤਾਂ
ਗੁਰੂ ਨਾਨਕ ਜੀ ਝੋਲੀ ਕਰਕੇ ਜਿਤਨੇ ਪਤਾਸੇ ਭਾਂਡੇ ਵਿਚ ਆਹੇ ਸੋ ਪਵਾਇ ਲੀਤੇ ਝੋਲੀ
ਵਿਚ ਅਢਾਈ ਸੇਰ ਪਤਾਸੇ ਆਹੇ ਤਾਂ ਗੁਰੂ ਨਾਨਕ ਜੀ ਬੇਬੇ ਨਾਨਕੀ ਦੇ ਘਰ ਆਏ ਤਾਂ
ਤੁਲਸਾਂ ਨੇ ਕਹਿਆ ਬਹੂ ਜੀ ਭਾਈ ਜੀ ਆਏ ਤਾਂ ਬੇਬੇ ਨਾਨਕੀ ਉਠ ਖਲੋਤੀ ਅਤੇ ਮੁਖ
ਥੀਂ ਕਹਿਆ ਆਉ ਭਾਈ ਆ ਜੀ ਅਤੇ ਪੀੜ੍ਹਾ ਵਿਛਾਇ ਦਿਤਾ ਬੇਬੇ ਜੀ ਨੇ ਤਾਂ ਗੁਰੂ ਨਾਨ
ਕ ਜੀ ਪੀੜ੍ਹੇ ਤੇ ਬੈਠ ਗਏ ਅਤੇ ਬਾਲਾ ਜੀ ਭੀ ਨਾਲ ਹੀ ਆਹੇ ਤਾਂ ਬੇਬੇ ਜੀ ਨੇ ਬਾਲੇ ਨੂੰ ਭੀ
ਪੀੜ੍ਹਾ ਵਿਛਾਇ ਦਿਤਾ ਬਾਲਾ ਜੀ ਭੀ ਬੈਠ ਗਏ ਤਾਂ ਗੁਰੂ ਨਾਨਕ ਜੀ ਨੇ ਪੁਛਿਆ ਬੇਬੇ
ਜੀ ਮੈਨੂੰ ਕਿਉਂ ਸਦਿਆ ਹਾਈ ਤਾਂ ਬੇਬੇ ਨਾਨਕੀ ਜੀ ਨੇ ਅਗੋਂ ਆਖਿਆ ਭਾਈ ਜੀ ਬਹੁ
ਤੇ ਦਿਨ ਹੋਇ ਆਹੇ ਤੁਹਾਡੇ ਦਰਸਨ ਕੀਤਿਆਂ ਮੈਨੇ ਦੇਖਣ ਦੀ ਸਿਕ ਆਹੀ ਸੋ ਇ
ਸ ਵਾਸਤੇ ਮੈਂ ਤੁਹਾਨੂੰ ਦਰਸਨ ਕਰਨੇ ਕੇ ਲੀਏ ਸਦਿਆ ਸੀ ਤਾਂ ਗੁਰੂ ਨਾਨਕ ਜੀ
ਕਹਿਆ ਬੇਬੇ ਜੀ ਮੈਨੂੰ ਵਿਸਵਾਸ ਪਇਆ ਹੈ ਜੋ ਮੈਨੂੰ ਕਿਉ ਸਦਿਆ ਹੈ ਤੁਸੀ ਜਿਉ
ਕਾ ਤਿਉ ਹੀ ਆਖੋ ਤਾਂ ਬੇਬੇ ਜੀ ਬੋਲੀ ਸੁਣੋ ਭਾਈ ਜੀ ਤੁਹਾਨੂੰ ਤਾਂ ਸਭੁ ਕਿਛੁ ਮਾਲੂਮ
ਹੈ ਮੈਂ ਕਿਆ ਆਖਾਂ ਜੀ ਤਾਂ ਗੁਰੂ ਨਾਨਕ ਜੀ ਆਖਿਆ ਸੋ ਮੁਲੋਂ ਬੇਬੇ ਜੀ ਹਿਸਾਬ
ਆਪ ਲੈ ਲਵੀਏ ਮੈਂ ਭੀ ਏਹ ਜਾਣਦਾ ਹਾਂ ਜੋ ਮੇਰੇ ਉਪਰ ਕਿਸੇ ਚੁਗਲੀ ਖਾਧੀ ਹੈ
ਸੋ ਮੈਥੋਂ ਲੇਖਾ ਲਵੋ ਤਾਂ ਬੇਬੇ ਨਾਨਕੀ ਨੇ ਦਿਲਾਸਾ ਦਿਤਾ ਤਾਂ ਗੁਰੂ ਨਾਨਕ ਜੀ ਆ
ਖਿਆ ਨਾ ਬੇਬੇ ਜੀ ਏਹੁ ਗਲ ਲੇਖੇ ਹਿਸਾਬ ਦੀ ਹੈ ਸਰਮ ਦਾ ਅਤੇ ਸੁਣ ਤਾਹਰੇ

ਦਾ ਕੰਮ ਕਰਦੀ ਨਹੀਂ ਤਾਂ ਬੇਬੇ ਜੀ ਕਹਿਆ ਭਲਾ ਭਾਈ ਜੀ ਤਾਂ ਸੰਮਤ ੧੫੪੭ ਫਗਣ ਸੁ
ਦੀ ਪੰਚਮੀ ਵਾਲੇ ਦਿਨ ਲੇਖਾ ਕੀਤਾ ਦੌਲਤ ਖਾਨ ਲੋਧੀ ਨਾਲ ਤਿੰਨ ਮਹੀਨਿਆਂ ਦਾ
ਇਕ ਸੌ ਪੈਂਤੀ ਰੁਪਏ ਗੁਰੂ ਨਾਨਕ ਜੀ ਦੇ ਨਿਕਲੇ ਖਾਇ ਪੀਆ ਕੇ ਸੌ ਇਕ ਵਧ
ਧੇ ਤਾਂ ਗੁਰੂ ਨਾਨਕ ਜੀ ਨੇ ਜੈਰਾਮ ਨੂੰ ਆਖਿਆ ਲਵੋ ਜੀ ਜੀਜਾ ਜੀ ਹੁਣ ਤਾਂ ਤੇਰੇ ਮੁਖੋਂ ਅਸੀਂ
ਸੁਰਖਰੂ ਹੋਇ ਹਾਂ ਹੁਣ ਏਹ ਮੋਦੀ ਖਾਨਾ ਕਿਸੇ ਹੋਰ ਨੂੰ ਸੌਂਪੀਏ ਅਤੇ ਅਸਾਂ ਤਾਂ ਕਰਤਾਰ
ਕਰਤਾਰ ਹੈ ਈ ਤਾਂ ਜੈਰਾਮ ਏਹ ਗਲ ਗੁਰੂ ਨਾਨਕ ਜੀ ਦੀ ਸੁਣਕੇ ਬਹੁਤ ਰੁਨਿਆ ਅਤੇ
ਬੇਬੇ ਦੇ ਪੈਰਾਂ ਤੇ ਢਹਿ ਪਇਆ ਅਤੇ ਬੇਬੇ ਨਾਨਕੀ ਭੀ ਰੋਵਣ ਲਗੀ ਅਤੇ ਕਹਿਓਸੁ
ਭਾਈ ਜੀ ਪਹਿਲੇ ਤਾਂ ਮੈਨੂੰ ਮਾਰੋ ਅਤੇ ਪਿਛੋਂ ਤੁਸੀਂ ਕਿਧਰੇ ਜਾਵੋ ਤਾਂ ਗੁਰੂ ਨਾਨਕ ਜੀ ਕਹਿ
ਆ ਜੀਜਾ ਜੀ ਹੁਣ ਤਾਂ ਲੇਖਾ ਪੂਰਾ ਹੋਇ ਚੁਕਾ ਹੈ ਅਤੇ ਫੇਰ ਘਾਟ ਵਧ ਜਾਵੈ ਤਾਂ ਤੁਸੀਂ ਕਿ
ਉ ਜੰਜਾਲ ਵਿਚ ਪਾਉਂਦੇ ਹੋ ਉਥੋਂ ਜੈਰਾਮ ਨੇ ਕਹਿਆ ਭਾਈ ਨਾਨਕ ਜੀ ਅਗੇ ਮੈਂ ਕੁ
ਛ ਜਾਣਦਾ ਸਾਂ ਕੁਛ ਨਹੀਂ ਜਾਣਦਾ ਸਾਂ ਪਰ ਹੁਣ ਮੈਨੂੰ ਵਡੇ ਸਿਰੋ ਪਰਤੀਤ ਆਈ ਹੈ
ਅਤੇ ਹੁਣ ਮੇਰਾ ਤੁਸੀਂ ਗੁਨਾਹ ਬਖਸੋ ਜੀ ਮੈਂ ਭੁਲਾ ਹਾਂ ਜੋ ਮੈਂ ਤੇਰੀ ਭੈਣ ਨਾਨਕੀ ਦਾ ਕਹਿ
ਆਖਾ ਤਰਤਲੋ ਨਹੀਂ ਲਿਆਇਆ ਤਾਂ ਫੇਰ ਬੇਬੇ ਨਾਨਕੀ ਨੇ ਕਹਿਆ ਹੇ ਭਾਈ ਨਾਨਕ
ਜੀ ਜੇ ਕੁਛ ਘਟੇਗਾ ਤਾਂ ਮੈਂ ਜਬਾਬ ਕਰਾਂਗੀ ਜਿਥੇ ਕਿਥੇ ਤਾਂ ਫੇਰ ਜੈਰਾਮ ਨੇ ਅਤੇ ਬੇਬੇ ਨਾਨ
ਕੀ ਨੇ ਭਾਈ ਬਾਲੇ ਨੂੰ ਕਹਿਆ ਜੋ ਭਾਈ ਬਾਲਾ ਤੁਸੀਂ ਗੁਰੂ ਨਾਨਕ ਜੀ ਨੂੰ ਆਖੋ ਤਾਂ ਭਾਈ ਬ
ਲੇ ਗੁਰੂ ਨਾਨਕ ਜੀ ਨੂੰ ਕਹਿਆ ਜੋ ਗੁਰੂ ਜੀ ਤੂੰ ਤਾਂ ਕੋਈ ਜਾਹਰ ਪੀਰ ਹੈਂ ਅਤੇ ਤੈਨੂੰ ਤਾਂ ਅਗੇ ਹੀ
ਕਿਉਂ ਕਰ ਖਬਰ ਹੋਇ ਜਾਂਦੀ ਹੈ ਪਰ ਭਲਾ ਗੁਰੂ ਜੀ ਤੈਨੂੰ ਭੈਣ ਅਤੇ ਭਣਵਈਆ ਦੋਵੇਂ ਪ
ਏ ਮਿੰਨਤਾਂ ਕਰਦੇ ਹੈਨ ਅਤੇ ਤੁਸੀਂ ਕਰਤਾਰ ਵਲ ਵੇਖੋ ਅਰ ਮੇਰੇ ਪਰ ਮਿਹਰ ਕਰੋ ਜੀ
ਤਾਂ ਗੁਰੂ ਨਾਨਕ ਜੀ ਕਹਿਆ ਹੇ ਭਾਈ ਬਾਲਾ ਤੇਰਾ ਭੀ ਆਖਿਆ ਫੇਰਿਆ ਨਹੀਂ ਜਾਂਦਾ
ਤਾਂ ਬਾਬੇ ਗੁਰੂ ਨਾਨਕ ਜੀ ਅਗੋਂ ਮਥਾ ਟੇਕਿਆ ਫੇਰ ਬੇਬੇ ਨਾਨਕੀ ਅਤੇ ਭਾਈਏ ਜੈਰਾਮ
ਨੇ ਬਾਲੇ ਨੂੰ ਆਖਿਆ ਜੋ ਸੁਣੋ ਭਾਈ ਬਾਲਾ ਅਜ ਤੂੰ ਅਸਾਨੂੰ ਨਵੇਂ ਸਿਰੇ ਨਾਨਕ ਜੀ
ਦਿਤਾ ਹੈ ਤਾਂ ਇਕ ਸੌ ਪੈਂਤੀ ਰੁਪਏ ਨਾਨਕ ਜੀ ਨੂੰ ਨਬਾਬ ਪਾਸੋਂ ਚੁਕਾਈ ਮਿਲੇ ਅਤੇ ਸਤਾਰਾਂ
ਸੈ ਰੁਪਯਾ ਹੋਰ ਮਿਲਿਆ ਮੇਸਰੀ ਤਾਂ ਜੈਰਾਮ ਬਾਬਾ ਨਾਨਕ ਜੀ ਨੇ ਆਪਣੇ ਘਰ ਆਂਦੇ
ਬਾਬਾ ਨਾਨਕ ਜੀ ਰੁਪਏ ਲੈਕੇ ਆਪਣੇ ਹਟ ਤੇ ਆਇ ਬੈਠੇ ਹੋਰ ਜਿਤਨੇ ਕਾਰਖਾਨਿਆਂ ਦੇ
ਲੋਕ ਆਹੇ ਸੋ ਸਭ ਬਾਬੇ ਨਾਨਕ ਜੀ ਨੂੰ ਆਇ ਕਰ ਮੁਬਾਰਖਾਂ ਲਗੇ ਦੇਵਣ ਅਤੇ ਵ
ਧਾਈਆਂ ਦੇਵਣ ਲਗੇ ਹਿੰਦੂ ਭੀ ਅਤੇ ਮੁਸਲਮਾਨ ਭੀ ਦੇਵੇਂ ਸਭੇ ਖੁਸੀਆਂ ਮਨਾਵਣ ਲ
ਗੇ ਜੋ ਬਾਬਾ ਨਾਨਕ ਨੇ ਮੋਦੀ ਖਾਨਾ ਨਵੇਂ ਸਿਰੇ ਉਠਾਇਆ ਹੈ ਅਤੇ ਆਪ ਸਭੇ ਕਹਿ

ਣ ਲਗੇ ਤਿਨਾ ਮਨੇ ਸੁਣਿਆ ਥਾ ਜੋ ਬਾਬਾ ਨਾਨਕ ਨੇ ਮੇਰੀ ਖਾਨ ਛੋਡਿਆ ਹੈ ਤਾਂ ਮਨ
ਬਹੁਤ ਦਲਗੀਰ ਹੋਇ ਥੇ ਤਾਂ ਗੁਰੂ ਨਾਨਕ ਜੀ ਸਭ ਦੀ ਤਰਫ ਤਾਜੀਮ ਕਰਨ ਲਗੇ
ਤਾਂ ਬਾਬੇ ਨਾਨਕ ਜੀ ਦੀ ਚਾਲੀ ਓਹੋ ਜੋ ਕੋਈ ਕੁਛ ਆਣ ਕਰ ਮਾਗੇ ਸੋਈ ਦੇਂਦਾ ਜ
ਏ ਅਟਕਾਵੈ ਨਾਹੀ ਇਸੀ ਭਾਂਤ ਪਰ ਸਭ ਕੋਈ ਖੁਸੀ ਜਾਵੈ॥

॥ਆਗੇ ਸਾਖੀ ਗੁਰੂ ਨਾਨਕ ਦੀ ਕੁੜਮਾਈ ਦੀ ਚਲੀ॥

ਤਾਂ ਸੀ ਗੁਰੂ ਨਾਨਕ ਜੀ ਦੀ ਉਪਮਾ ਸਤਿਕ ਹਦੇ ਹਿੰਦੂ ਮੁਸਲਮਾਨ ਕੋਈ ਆਦੇ ਸਭ ਦੀ ਜਾਂ ਚਲੀ
ਪੂਰੀ ਕਰਨਾ ਤਾਂ ਇਕ ਦਿਨ ਮੂਲਚੰਦ ਗੁਰੂ ਨਾਨਕ ਜੀ ਨੂੰ ਦੇਖ ਗਿਆ ਮੂਲਾ ਪਟਵਾ
ਰੀ ਜੀ ਪਖੋਕੇ ਰੰਧਾਵਿਆਂ ਦਾ ਘਰ ਬਟਾਲੇ ਵਿਚ ਸਾਨ ਤਾ ਮੂਲੇ ਜੈਰਾਮ ਦੇ ਘਰ ਬੇਬੇ
ਨਾਨਕੀ ਦੇ ਪਾਸ ਸਗਨ ਭੇਜਿਆ ਸੰਮਤ ੧੫੫੦ ਵਿਚ ਸਗਾਈ ਲੈਕੇ ਬ੍ਰਾਹਮਣ
ਆਇਆ ਤੇ ਬੇਬੇ ਬੜੀ ਪ੍ਰਸੰਨ ਹੋਈ ਲਗੀ ਆ ਵਧਾਈਆਂ ਮਿਲਣ ਤਾ ਬੇਬੇ ਜੀ ਸੰਗੁ
ਣੀ ਕਰਮਨੇ ਤਾ ਜੈਰਾਮ ਨੇ ਚਿਠੀ ਲਿਖੀ ਕੇਸਰ ਛਿੜਕਿਆ ਤੇ ਮਹਿਤੇ ਕਾਲੂ ਨੂੰ ਅਤੇ ਅੰਮਾ
ਬੀਬੀ ਨੂੰ ਖਬਰ ਘਲੀ ਅਤੇ ਵਧਾਈ ਦਿਵਾਇ ਭੇਜੀ ਅਤੇ ਸਦਵਾਇ ਭੇਜਿਆ
ਸਭ ਪਰਵਾਰ ਨੂੰ ਜੋ ਤੁਸੀ ਆਵੋ ਤਾਂ ਚੌਕ ਨੂੰ ਖਰਚੀਏ ਤਾਂ ਕਾਲੂ ਨੇ ਸੁਣਿਆ ਸੁਣ ਕਰ
ਬਹੁਤ ਖੁਸੀ [illegible] ਖਬਰ ਲੈਕੇ ਆਇਆ ਆਸੀ ਤਿਸ ਦਾ ਮੂੰਹ ਖੰਡ ਨਾਲ
ਆਪਣੀ ਹਥੀ ਭਰਿਆ ਅਤੇ ਅੰਮਾ ਬੀਬੀ ਜੀ ਬੜੀ ਪ੍ਰਸੰਨ ਹੋਈ ਪਰ ਮੇਸਰ ਦਾ
ਧੰਨਵਾਦ ਕਰੇ ਬਹੁਤ ਬਹੁਤ ਅਤੇ ਕਹੇ ਧੰਨ ਓਹ ਨਿਰੰਕਾਰ ਹੈ ਜਿਸ ਦੀ ਕਿਰਪਾ ਕ
ਰਕੇ ਏਹੁ ਨਾਨਕ ਪੁਤ੍ਰ ਮੇਰੇ ਘਰ ਵਿਚ ਹੋਇਆ ਅਤੇ ਹੋਰ ਬੜੀ ਕਿਰਪਾ ਏਹੁ ਹੈ ਜੋ
ਨਾਨਕ ਜੀ ਦੇ ਸੁਆਰਥ ਦਾ ਦਿਨ ਹੋਇਆ ਹੈ ਅਤੇ ਮੈਂ ਬਲਿਹਾਰ ਹਾਂ ਉਸ ਮੂੰਹ ਥੀ
ਜਿਸ ਦੇ ਮੂੰਹੋਂ ਨਾਨਕ ਜੀ ਦੀ ਕੁੜਮਾਈ ਦੀ ਖਬਰ ਸੁਣੀ ਹੈ ਅਤੇ ਵਧਾਈ ਦਿਤੀ ਹੈ
ਰਾਤ ਨੂੰ ਜਿਤਨਾ ਕਬੀਲਾ ਬੇਦੀਆਂ ਦਾ ਆਹਾ ਸਾਰੇ ਪਰਵਾਰ ਨੂੰ ਸਦਕੇ ਗਾਵਣ
ਬਹਾਇਆ ਅਤੇ ਸਭੇ ਮਿਲਕੇ ਸਾਰੀਆਂ ਜਣੀਆਂ ਏਹੋ ਆਖਨ ਜੋ ਸਾਡੇ ਬੇਦੀਆਂ ਦੇ
ਬੰਸ ਵਿਚ ਨਾਨਕ ਭਲਾ ਜੀਉ ਪੈਦੇ ਹੋਇਆ ਹੈ ਸਾਡੀ ਕੁਲ ਦਾ ਸੂਰਜ ਰੌਸਨ ਹੋਇ
ਆ ਹੈ ਜੋ ਧਰਮ ਦੀ ਕੁੜਮਾਈ ਹੋਈ ਹੈ ਅਤੇ ਅਸਾਡੀ ਕੁਲ ਨਿਰਮਲ ਕੀਤੀ ਹੈ ਸ
ਅਤੇ ਅੰਮਾ ਬੀਬੀ ਨੇ ਆਪਣੇ ਪੇਕਿਆਂ ਨੂੰ ਮਾਝੇ ਵਧਾਈ ਲਿਖ ਭੇਜੀ ਤਾਂ ਅੰਮਾ ਬੀ
ਬੀ ਦਾ ਪਿਉ ਰਾਮਾ ਜਾਤ ਦਾ ਝਾਂਗੜ ਗੁਰੂ ਨਾਨਕ ਜੀ ਦੇ ਨਾਨਕੇ ਅਤੇ ਮਹਿਤੇ ਕਾਲੂ ਦੇ
ਸਹੁਰੇ ਤਿਨਾ ਦੀ ਤਰਫ ਖਬਰ ਭੇਜੀ ਹੈ ਅਤੇ ਆਖ ਭੇਜਿਆ ਜੋ ਤੁਸੀ ਆਵੋ ਤਲਵੰ
ਡੀ ਤਾਂ ਰਲਕੇ ਸੁਲਤਾਨਪੁਰ ਚਲੀਏ ਅਰ ਚਲ ਚੌਕ ਨੂੰ ਖਰਚ ਕਰੀਏ ਤਾਂ ਉਥੋ

ਨਨੀ ਤ੍ਰਿਪਤਾਈ ਆਈ ਅਤੇ ਮਾਮਾ ਕਿਸਨ ਅਤੇ ਨਾਨਕ ਰਾਮ ਸਭੇ ਆਏ ਤਿਸ ਦੇ
ਰੀ ਮਹੀਨੇ ਕਾਲੂ ਨੂੰ ਮਿਲੇ ਬੜੀ ਖੁਸੀ ਹੋਈ ਫੇਰ ਤਿਸ ਦੇ ਪਿਛੋਂ ਅਰਥੇ ਹੋਇ ਕਰ
ਚਲੇ ਕਾਲੂ ਤੇ ਲਾਲੂ ਵੇਦੀ ਅਤੇ ਅੰਮਾ ਬੀਬੀ ਅਤੇ ਰਾਮਾ ਅਤੇ ਕਿਸਨ ਝੰਗੜ੍ਹ ਅ
ਤੇ ਨਨੀ ਤ੍ਰਿਪਤਾਈ ਛੇਆ ਆਦਮੀ ਗਿਆਰਹ ਹੋਏ ਦੋਇ ਨਫਰ ਰਾਮੇ ਨਾਲ ਅਤੇ
ਚਾਰ ਹੋਰ ਸਭੇ ਬਾਰਾਂ ਆਦਮੀ ਸੁਲਤਾਨ ਪੁਰ ਨੂੰ ਚਲੇ ਪਰ ਰਾਮੇ ਝੰਗੜ ਨੇ ਬਹੁਤ
ਕੁਛ ਕੀਤਾ ਖਰਚ ਕਰਨ ਵਾਸਤੇ ਜਦ ਟੁਰਨ ਲੱਗੇ ਤਾਂ ਕਾਲੂ ਰਾਇ ਬੁਲਾਰ ਪਾਸ
ਵਿਦਾ ਹੋਵਣ ਵਾਸਤੇ ਆਇਆ ਅਰ ਰਾਇ ਬੁਲਾਰ ਦੇ ਪਾਸ ਜਾਇ ਖੜਾ ਹੋਇਆ
ਰਾਇ ਬੁਲਾਰ ਨੇ ਆਖਿਆ ਕਿਉਂ ਕਾਲੂ ਤਾਂ ਕਾਲੂ ਨੇ ਆਖਿਆ ਰਾਇਜੀ ਗੁਰੂ
ਨਾਨਕ ਜੀ ਦੀ ਕੁੜਮਾਈ ਹੋਈ ਹੈ ਅਤੇ ਅਸੀ ਓਥੇ ਨੂੰ ਖਰਚਨ ਜਾਂਦੇ ਆਂ ਪਿਛੇ
ਰੇਪਾਟੇ ਅਸਾਨੂੰ ਰਜਾਇ ਹੋਵੈ ਤਾਂ ਅਗੋਂ ਰਾਇ ਬੁਲਾਰ ਨੇ ਕਹਿਆ ਸੁਣ ਕਾਲੂ ਅ
ਗੇ ਗੁਰੂ ਨਾਨਕ ਜੀ ਰਹੀ ਖਬਰਦਾਰ ਹੋਵੀਂ ਤਾਂ ਕਾਲੂ ਨੇ ਕਹਿਆ ਹੇ ਰਾਇਜੀ ਮੈਨੂੰ
ਵਿਸਵਾਸ ਘਾਤ ਓਹੀ ਤਾਂ ਰਾਇ ਬੁਲਾਰ ਨੇ ਕਹਿਆ ਨ ਕਾਲੂ ਮੈਂ ਤੈਨੂੰ ਹੋਰ ਵਾਸਤੇ
ਆਖਿਆ ਹੈ ਕਿਉਂ ਜੋ ਓਹ ਅਗੇ ਸਾਧ ਹੈ ਮਤੁ ਕੋਈ ਬੋਲ ਵਿਗਾੜ ਕਰਦਾ ਹੋਵੇ ਤਾਂ
ਕਾਲੂ ਨੇ ਆਖਿਆ ਨ ਰਾਇਜੀ ਏਹ ਤਾਂ ਮੇਰੀ ਮੁਰਾਦ ਹੈ ਅਤੇ ਰਾਇਜੀ ਤੁਸੀ ਪਰਮੇਸ
ਰ ਨੇ ਜਖੁ ਕੀਤੇ ਹੋ ਸਚੋ ਤੁਸੀ ਮਿਹਰਵਾਨਗੀ ਕਰਦੇ ਆਹੋ ਜੀ ਤਾਂ ਰਾਇ ਬੁਲਾਰ ਨੇ ਕ
ਹਿਆ ਜਾਹੁ ਕਾਲੂ ਤੈਨੂੰ ਮੁਬਾਰਕ ਹੈ ਪਰਮੇਸਰ ਆਪਣੀ ਮਿਹਰ ਕਰੇਗਾ ਅਤੇ ਸਭ ਕੈ
ਅਰਥੇ ਹੋਰ ਭੀ ਹੋਵਨਗੇ ਪਰਮੇਸਰ ਦਾ ਬਹੁਤ ਬਹੁਤ ਹਿਤ ਕਰਕੇ ਬਾਬੇ ਨਾਨਕ ਦੇ ਕ
ਦਮਾਂ ਤੇ ਹਥ ਲਾਵੇਂ ਬਗਲ ਵਿਚ ਲੈਕੇ ਮਥਾ ਚੁਮੇਂ ਅਤੇ ਮੇਰੀ ਤਰਫੋਂ ਦੇਵੇਂ ਹਥ ਜੋੜ
ਕੇ ਬੰਦਗੀ ਆਖੇਂ ਅਤੇ ਜੈਰਾਮ ਨੂੰ ਭੀ ਮੇਰੀ ਬੰਦਗੀ ਕਹੀਂ ਅਤੇ ਹੁਣ ਜਾਹੁ ਤੈਨੂੰ
ਸਾਈਂ ਦੀ ਪਨਾਹ ਹਈ ਤਾਂ ਕਾਲੂ ਰਾਇ ਬੁਲਾਰ ਪਾਸੋਂ ਵਿਦਿਆ ਹੋਇਆ ਅਤੇ ਛੋਕ
ਰੇ ਤੇ ਸਦਾਰ ਹੋਕਰ ਸੁਲਤਾਨ ਪੁਰ ਨੂੰ ਚਲੇ ਪੰਜਵੇਂ ਦਿਨ ਸੁਲਤਾਨ ਪੁਰ ਆਇ ਪਰ
ਮਾਨੰਦ ਪਲੰਗ ਦੇ ਘਰ ਵੜੇ ਅਗੋਂ ਵਧਾਈਆਂ ਮਿਲਨ ਲਗੀਆਂ ਤਾਂ ਗੁਰੂ ਨਾਨਕ
ਜੀ ਨੂੰ ਖਬਰ ਹੋਈ ਜੋ ਮਾਤਾ ਪਿਤਾ ਆਏ ਹੈਨ ਅਤੇ ਚਾਚਾ ਲਾਲੂ ਭੀ ਅਤੇ ਨਾਨਕ ਰਾਮ
ਅਤੇ ਮਾਮਾ ਕਿਸਨ ਅਤੇ ਨਨੀ ਤ੍ਰਿਪਤਾਈ ਭੀ ਆਈ ਹੈ ਅਤੇ ਮਰਦਾਨਾ ਭੀ ਮੇਰਾ ਭੀ
ਆਇਆ ਹੈ ਤਾਂ ਗੁਰੂ ਨਾਨਕ ਜੀ ਮੋਦੀ ਖਾਨੇ ਤੇ ਉਠ ਕਰ ਆਇਆ ਅਤੇ ਅੰਦਰ ਵਿ
ਚ ਜਾਂਦੀ ਕਾਲੂ ਦਿਆਂ ਪੈਰਾਂ ਤੇ ਢਹਿ ਪਿਆ ਅਗੋਂ ਕਾਲੂ ਨੇ ਬਗਲ ਵਿਚ ਲੀਤਾ ਤੇ ਮ
ਥਾ ਚੁਮਿਆ ਤਾਂ ਗੁਰੂ ਜੀ ਨੇ ਪੁਛਿਆ ਪਿਤਾ ਜੀ ਰਾਇਜੀ ਭਲੇ ਆਹੇ ਤਾਂ ਕਾਲੂ ਨੇ ਆ

ਖਿਆ ਪੁਤ੍ਰ ਭਲਾ ਯਾਦ ਦਿਵਾਇਆ ਹਈ ਗਾਇਜੀ ਨੇ ਤਾਂ ਤੇਰਾ ਮਥਾ ਚੁੰਮਣਾ ਆ
ਖਿਆ ਸੀ ਪਰ ਅਸਾਨੂੰ ਵਿਸਰ ਗਿਆ ਸੀ ਤਾਂ ਕਾਲੂ ਨੇ ਰਾਇ ਬੁਲਾਰ ਦੇ ਹੋਦਿਆਂ ਨਾਨਕ
ਦਾ ਮਥਾ ਚੁੰਮਿਆ ਅਰ ਸਿਰ ਤੇ ਹਥ ਫੇਰਿਆ ਤਾਂ ਫੇਰ ਗੁਰੂ ਨਾਨਕ ਜੀ ਐਮਾਂ ਬੀਬੀ
ਦਿਆਂ ਪੈਰਾਂ ਤੇ ਪਇਆ ਤਾਂ ਫੇਰ ਚਾਚੇ ਲਾਲੂ ਦਿਆਂ ਪੈਰਾਂ ਤੇ ਪਇਆ ਤਾਂ ਅਗੋਂ ਲਾ
ਲੂ ਨੇ ਸ੍ਰੀ ਗੁਰੂ ਜੀ ਨੂੰ ਗਲ ਵਿਚ ਲੀਤਾ ਅਤੇ ਆਖਿਓਸ ਹੇ ਪੁਤ੍ਰ ਨਾਨਕ ਤੂੰ ਅਸਾ
ਨੂੰ ਕੁਲ ਨਿਰਮਲ ਕੀਤੇ ਹੈਨ ਪਰ ਅਗੋਂ ਦੀ ਖਬਰ ਪਰਮੇਸਰ ਜਾਣੇ ਪਰ ਐਥੇ ਤਾਂ
ਨਿਰਮਲ ਕੀਤੇ ਹੈਨ ਤਾਂ ਫੇਰ ਗੁਰੂ ਨਾਨਕ ਜੀ ਨਾਨੇ ਰਾਮੇ ਦੇ ਪੈਰਾਂ ਉਤੇ ਮਥਾ ਟੇਕਿਆ
ਤਾਂ ਨਾਨੇ ਰਾਮੇ ਨੇ ਗੁਰੂ ਨਾਨਕ ਜੀ ਨੂੰ ਗਲ ਵਿਚ ਲੀਤਾ ਪਰ ਗਲ ਵਿਚੋਂ ਛਡੇ ਨਾਹੀ ਤਾਂ
ਰਾਮ ਦੇਖੇ ਤਾਂ ਇਧਰ ਉਧਰ ਮੰਗਤਾ ਭੀ ਕੋਈ ਨਾਹੀ ਤਾਂ ਨਾਨੀ ਭਿਰਾਈ ਨੇ ਆਖਿਆ
ਤੂੰ ਛਡ ਇਸ ਨੂੰ ਗਲ ਵਿਚੋਂ ਤਾਂ ਰਾਮੇ ਨੇ ਭਿਰਾਈ ਨੂੰ ਆਖਿਆ ਹੇ ਬੀਬੀ ਪਰਮੇਸਰ ਦੀ
ਸੌਂਹ ਮੈਂ ਬੀਸ ਰੁਪਏ ਨਾਨਕ ਜੀ ਦੇ ਸਿਰ ਤੇ ਵਾਰ ਸੁਟਾਂਗਾ ਤਾਂ ਮੇਰੀ ਸਿਕ ਪੂਰੀ ਹੋਵੇਗੀ
ਤਾਂ ਨਾਨੀ ਭਿਰਾਈ ਨੇ ਆਖਿਆ ਜੇ ਤੂੰ ਵੀਹ ਰੁਪਏ ਵਾਰ ਸੁਟ ਤਾਂ ਰਾਮੇ ਨੇ ਆਖਿ
ਆ ਕੋਈ ਮੰਗਤਾ ਭੀ ਹੋਵੇ ਲੈਣ ਵਾਲਾ ਤਾਂ ਨਾਨਕੀ ਨੇ ਆਖਿਆ ਜਾਹਨੀ ਤੁਲਸਾਂ
ਕੋਈ ਮੰਗਤੇ ਹੈਨੀ ਤਾਂ ਸਦ ਲਿਆਉ ਤਾਂ ਤੁਲਸਾਂ ਦਾਸੀ ਗਈ ਸਹਰ ਵਿਚੋਂ ਮੰਗ
ਤਿਆਂ ਨੂੰ ਬੁਲਾਵਣ ਤਾਂ ਢੂੰਢ ਕਰ ਤੁਲਸਾਂ ਮੰਗਤਿਆਂ ਨੂੰ ਲਿਆਈ ਤਾਂ ਫੇਰ ਨਾਨਕੀ
ਨੇ ਆਖਿਆ ਨਾਨਾ ਜੀ ਬੀਸ ਰੁਪਏ ਰੋਕ ਵਾਰੋਗੇ ਕਿ ਟਕੇ ਮੰਗਾਇ ਕਰ ਵਾਰੋਗੇ
ਤਾਂ ਰਾਮੇ ਝੰਗੜ ਨੇ ਆਖਿਆ ਬੇਟੀ ਜਿਸ ਤਰ ਤੂੰ ਆਖੇਂਗੀ ਸੋ ਤਿਉਂ ਹੀ ਕਰੀਏਗਾ
ਤਾਂ ਫੇਰ ਨਾਨਕੀ ਨੇ ਆਖਿਆ ਨਾਨਾ ਜੀ ਟਕੇ ਮੰਗਾਵੇ ਤਾਂ ਰਾਮੇ ਨੇ ਪੁਤ੍ਰ ਕਿਸਨੇ ਨੂੰ ਆ
ਖਿਆ ਹੇ ਕਿਸਨਾ ਵੀਹਾਂ ਰੁਪਯਾਂ ਦੇ ਟਕੇ ਲੈ ਆਉ ਤਾਂ ਭਿਰਾਈ ਨੇ ਆਖਿਆ ਪੁਤ੍ਰ ਦ
ਸ ਰੁਪਏ ਮੇਰੇ ਪਾਸੋਂ ਲੈ ਕੇ ਓਹ ਭੀ ਟਕੇ ਲੈ ਆਉ ਅਤੇ ਪੰਜ ਰੁਪਯਾਂ ਦੇ ਟਕੇ ਆਪ
ਣੇ ਪਾਸੋਂ ਕਿਸਨ ਲੈ ਆਇਆ ਤਾਂ ਸਭੇ ਪੈਤੀਸ ਰੁਪਯਾਂ ਦੇ ਟਕੇ ਆਏ ਕਿਸਨੇ ਨੇ
ਟਕੇ ਵੀਹਾਂ ਦੇ ਪਿਤਾ ਰਾਮੇ ਨੂੰ ਦਿਤੇ ਅਤੇ ਦਸਾਂ ਦੇ ਟਕੇ ਮਾਂ ਭਿਰਾਈ ਦੇ ਹਥ ਦੇ ਕੇ
ਪੰਜਾਂ ਦੇ ਆਪਣੇ ਪਾਸ ਰਖੇ ਸਭੇ ਟਕੇ ਵਾਰ ਫੇਰ ਕੀਤੇ ਵੀਹਾਂ ਦੇ ਟਕੇ ਰਾਮੇ ਨੇ ਵਾਰੇ
ਅਤੇ ਦਸਾਂ ਦੇ ਟਕੇ ਨਾਨੀ ਨੇ ਵਾਰੇ ਅਤੇ ਪੰਜਾਂ ਦੇ ਟਕੇ ਮਾਮੇ ਕਿਸਨੇ ਨੇ ਵਾਰੇ ਤਾਂ ਸਭੇ
ਪੈਤੀਸ ਰੁਪਯਾਂ ਦੇ ਟਕੇ ਗੁਰੂ ਨਾਨਕ ਜੀ ਦੇ ਸਿਰ ਦੇ ਉਤੋਂ ਵਾਰੇ ਸੰਮਤ ੧੫੫੦ ਪੰ
ਦ੍ਰਾਸੈ ਪੰਜਾਹ ਅਤੇ ਮਘਰ ਸੁਦੀ ਪੰਚਮੀ ਦਿਨ ਵਾਰ ਸੁਕਲ ਤਾਂ ਪਹਰ ਚੜ੍ਹੇ ਭਲੇ
ਮਹੂਰਤ ਨਾਲ ਕਉਣ ਕਉਣ ਚੜ੍ਹੇ ਨਾਲੇ ਰਾਮਾ ਕਿਸਨਾ ਪਰਮਾਨੰਦ ਪਲਤਾ

ਭਈਏ ਜੈਰਾਮ ਦਾ ਪਿਤਾ ਅਤੇ ਭਈਆ ਜੈਰਾਮ ਪਲਤਾ ਅਤੇ ਹੋਰ ਨਫਰ ਚਾਕਰ
ਅਤੇ ਪਰਮਾਨੰਦ ਪਲਤੇ ਨੇ ਅਤੇ ਜੈਰਾਮ ਨੇ ਨਿਧੇ ਬ੍ਰਾਮਣ ਨੂੰ ਆਖ ਕੇ ਭੇਜਿਆ
ਪਖੋ ਕੇ ਰੰਧਾਵੇ ਗਿਰਾਉਂ ਵਿਚ ਅਤੇ ਪਖੋ ਕੇ ਰੰਧਾਵੇ ਦਾ ਚੌਧਰੀ ਜਿਤਾ ਰੰਧਾਵਾ ਸੀ ਜਿ
ਸ ਦਾ ਪਟਵਾਰੀ ਮੂਲਾ ਚੋਣਾ ਹੋਸੀ ਤਿਸ ਦੇ ਘਰ ਜਾਇ ਕਰ ਨਿਧੇ ਬ੍ਰਾਮਣ ਨੇ ਖਬਰ
ਕੀਤੀ ਜੋ ਮਹਿਤਾ ਮੂਲਾ ਜੀ ਸੁਖੀ ਹੋ ਤਾਂ ਅਗੋਂ ਮਹਿਤੇ ਮੂਲੇ ਆਖਿਆ ਨਮਸਕਾਰ
ਪਾਧਾ ਜੀ ਅਤੇ ਫੇਰ ਕਹਿਆ ਪਾਧਾ ਜੀ ਆਪ ਦਾ ਆਵਣਾ ਕਿਉਂ ਕਰ ਹੋਇਆ ਤਾਂ ਨਿ
ਧੇ ਕਹਿਆ ਮੂਲ ਜੀ ਮੈਂ ਸੁਲਤਾਨਪੁਰ ਤੇ ਆਇਆ ਹਾਂ ਅਤੇ ਜੈਰਾਮ ਨੇ ਮੈਨੂੰ ਕਹਿ
ਆ ਹੈ ਜੋ ਪਾਧਾ ਮੂਲੇ ਚੋਣੇ ਨੂੰ ਜਾਇ ਕਰ ਖਬਰ ਕਰਿ ਆਉ ਜੋ ਮਹਿਤਾ ਕਾਲੂ ਲਾ
ਲੂ ਰਾਮ ਕ੍ਰਿਸਨ ਜੈਰਾਮ ਆਏ ਹੈਨ ਸੋ ਮੈਂ ਇਸ ਵਾਸਤੇ ਆਇਆ ਹਾਂ ਤਾਂ ਮੂਲੇ ਆ
ਖਿਆ ਪਾਧਾ ਜੀ ਆਵਨ ਮੇਰੇ ਸਿਰ ਮਸਤਕ ਪਰ ਅਵੇਤੇ ਆਏ ਤਾਂ ਫਿਰ ਦੱਸਮੀ ਨੂੰ ਪ
ਹਰ ਦਿਨ ਚੜ੍ਹੇ ਪਖੋ ਕੇ ਗਿਰਾਇ ਵਿਚ ਜਾਇ ਵੜੇ ਅਗੋਂ ਮੂਲੇ ਨੇ ਸਾਮਿਆਨ ਕਰ ਰ
ਖਿਆ ਸੀ ਤਾਂ ਜਾਇ ਪਰਮਾਨੰਦ ਪਲਤੇ ਨੇ ਆਪਣੀ ਰੱਥੀ ਚੋਂ ਕਢ ਖਰਚਿਆ ਅਤੇ
ਵਧਾਈ ਦੇਇ ਕਰ ਲੈ ਕਰ ਜੋ ਕੁਛ ਰਾਹੁ ਰੋਸ ਸੀ ਸੋ ਸਭੋ ਹੀ ਕਰ ਕੇ ਵੇਹਾਂਦੀ ਤਰੋਬ
ਭੀ ਪਰਸਿਨਤਾ ਹੋਈ ਬੜੀ ਖੁਸੀ ਹੋਈ ਤਾਂ ਕਾਲੂ ਨੇ ਆਖਿਆ ਭਾਈਆ ਪਰਮਾਨੰ
ਦ ਪਲਤਾ ਜੀ ਤੁਸੀਂ ਸਾਹਿਬੀ ਭਈਏ ਮੂਲੇ ਪਾਸੋਂ ਮੰਗੀ ਤਾਂ ਪਰਮਾਨੰਦ ਪਲਤੇ ਨੇ ਮੂਲੇ
ਚੋਣੇ ਨੂੰ ਇਕੰਤ ਲੈ ਬੈਠ ਅਤੇ ਸਭ ਸਰੀਕੀ ਦੀਆਂ ਬਾਰਤਾਂ ਕੀਤੀਆਂ ਗਲਾਂ ਕਰਦਿ
ਆ ਕਰਦਿਆ ਵਿਚ ਏਹ ਭੀ ਗਲ ਕਹੀ ਜੋ ਦੇਖੋ ਮਹਿਤਾ ਮੂਲਾ ਜੀ ਨਿਗਾਰ ਭੀ ਜੁਆ
ਨ ਹੈ ਅਤੇ ਲੜਕੀ ਭੀ ਸਿਆਣੀ ਹੀ ਹੈ ਸੋ ਤੁਸੀਂ ਸਾਹੇ ਦੀ ਤਿਆਰੀ ਭੀ ਅਸਾਨੂੰ ਨਾਲ ਹੀ
ਕਰ ਦੇਵੋ ਤਾਂ ਅਗੋਂ ਮੂਲੇ ਨੇ ਜਬਾਬ ਦਿਤਾ ਜੋ ਭਈਆ ਜੀ ਤੁਸੀਂ ਖਾਤਰ ਜਮਾਂ ਰਖੋ ਇ
ਕਵਾਰੀਆ ਸਾਨੂੰ ਮੁਹਲਤ ਦੇਵੋ ਇਕ ਬਰਸ ਦੀ ਫੇਰ ਅਸੀ ਤੁਸਾਂ ਨੂੰ ਪੁਛ ਸਾਹਾ ਸੁ
ਧਾਇ ਕਰ ਲਿਖ ਭੇਜਾਂਗੇ ਤਾਂ ਫੇਰ ਕਾਲੂ ਲਾਲੂ ਪਰਮਾਨੰਦ ਪਲਤਾ ਅਤੇ ਜੈਰਾਮ
ਸੁਲਤਾਨਪੁਰ ਆਏ ਵੜੇ ਜਤਪਤ ਨਾਲੋਂ ਅਤੇ ਵਧਾਈਆਂ ਮਿਲਣ ਲਗੀਆਂ ਤਾਂ
ਬੇਬੇ ਨਾਨਕੀ ਨੇ ਸਰੀਕਣੀਆਂ ਸਦ ਕੇ ਗਾਵਣ ਬਧਾਈਆਂ ਤਾਂ ਚੌਥੇ ਦਿਨ ਕਾਲੂ ਅ
ਤੇ ਲਾਲੂ ਤਲਵੰਡੀ ਨੂੰ ਆਵਣ ਲਗੇ ਤਾਂ ਮਰਦਾਨੇ ਡੂਮੇ ਨੇ ਆਖਿਆ ਹੇ ਨਾਨਕ
ਜੀ ਕੁਛ ਆਪਣੀ ਵਧਾਈ ਅਸਾਨੂੰ ਭੀ ਦੇਵਹੁ ਜੀ ਤਾਂ ਗੁਰੂ ਨਾਨਕ ਜੀ ਕਹਿਆ ਕਹੁ ਮ
ਰਦਾਨਾ ਕੀ ਲੈਣਾ ਹੈ ਅਸਾਂ ਤੇ ਤੇਰੇ ਨਾਲ ਬਹੁਤ ਕੰਮ ਹੈ ਤਾਂ ਫੇਰ ਮਰਦਾਨੇ ਕਹਿਆ ਗੁ
ਰੂ ਜੀ ਤੂੰ ਮੈਨੂੰ ਕਾਈ ਭਲੀ ਵਸਤ ਦੇਵਹੁ ਜੀ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਤੂ

ਲੀ ਵਸਤ ਲੈਂਦਾ ਹੈ ਪਰ ਭਲੀ ਵਸਤ ਤੇ ਰੰਜ ਹੋਇ ਜਾਸੇ ਤਾਂ ਮਰਦਾਨੇ ਕਹਿਆ ਗੁ
ਰੂ ਜੀ ਜੇ ਕਾਈ ਭਲੀ ਵਸਤ ਦੇਵੈਂਗਾ ਤਾਂ ਮੈਂ ਰੰਜ ਕਿਉਂ ਹੋਵਾਂਗਾ ਤਾਂ ਗੁਰੂ ਨਾਨਕ ਜੀ
ਆਖਿਆ ਮਰਦਾਨਾ ਤੁਸੀ ਮਿਰਾਸੀ ਲੋਕ ਹੋ ਅਤੇ ਅ ਗਲੀ ਗਲ ਤੁਸੀ ਜਾਣਦ
ਦੇ ਨਾਹੀ ਤਾਂ ਫੇਰ ਮਰਦਾਨੇ ਆਖਿਆ ਜੇ ਹੇ ਨਾਨਕ ਜੀ ਕਾਈ ਭਲੀ ਵਸਤ ਜਾਣਦੇ
ਹੋ ਤਾਂ ਸੋਈ ਅਸਾਨੂੰ ਦੇਵਣ ਜੀ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਅਸਾਂ ਤੈਨੂੰ ਤਾ
ਮਦਾ ਗੁਣ ਦਿਤਾ ਸੀ ਸੋ ਕਿਥੇ ਹਈ ਸੋਈ ਅਸਾਨੂੰ ਲੋੜੀਦਾ ਆਹਾ ਤਾਂ ਮਰਦਾਨੇ ਉਠ ਕ
ਰ ਤਾਜੀਮ ਕੀਤੀ ਅਤੇ ਕਹਿਓਸ ਹੇ ਗੁਰੂ ਜੀ ਜਿਥੇ ਤੁਧ ਰਖਿਆ ਹੋਵੈਗਾ ਓਥੇ ਹੀ
ਪਇਆ ਹੋਵੈਗਾ ਤਾਂ ਗੁਰੂ ਨਾਨਕ ਜੀ ਨੇ ਆਪਣੇ ਗਲੋਂ ਥੀ ਚੋਲਣਾ ਮਰਦਾਨੇ ਨੂੰ ਲਾ
ਹਿ ਦਿਤਾ ਤਾਂ ਮਰਦਾਨੇ ਚੋਲਣਾ ਆਪਣੇ ਗਲੇ ਪਾਇ ਲਇਆ ਤਾਂ ਫੇਰ ਗੁਰੂ ਨਾਨਕ
ਜੀ ਕਹਿਆ ਮਰਦਾਨੇ ਆ ਤੂੰ ਇਕ ਅਸਾਡਾ ਬਚਨ ਮੰਨ ਤਾਂ ਮਰਦਾਨੇ ਆਖਿਆ ਫੁ
ਰਮਾਈਏ ਗੁਰੂ ਜੀ ਤਾਂ ਫੇਰ ਗੁਰੂ ਨਾਨਕ ਜੀ ਨੇ ਆਖਿਆ ਸੁਣ ਮਰਦਾਨਾ ਤੂੰ ਵਦੀ
ਆਂਦਾ ਮਿਰਾਸੀ ਹੈਂ ਅਤੇ ਤੂੰ ਹੋਰਸ ਪਾਸੋਂ ਮੰਗਣਾ ਨਾਹੀ ਤਾਂ ਮਰਦਾਨੇ ਆਖਿਆ ਗੁ
ਰੂ ਜੀ ਮੈਂ ਏਹੁ ਗਲ ਮੰਨੀ ਪਰ ਜੀ ਤੁਸੀ ਸਾਡੀ ਸਾਰ ਵਿਚ ਰਹੋ ਤਾਂ ਗੁਰੂ ਨਾਨਕ ਜੀ
ਆਖਿਆ ਮਰਦਾਨਾ ਕਰਤਾਰ ਸਭਨਾ ਦੀ ਸਾਰ ਵਿਚ ਹੈ ਤਾਂ ਮਰਦਾਨੇ ਗੁਰੂ ਜੀ ਦੇ
ਅਗੇ ਮਥਾ ਟੇਕਿਆ ਤਾਂ ਸਰਬ ਪਰਵਾਰ ਘਰ ਨੂੰ ਵਿਦਿਆ ਹੋਇ ਅਤੇ ਗੁਰੂ ਨਾਨਕ
ਜੀ ਦੀ ਚਾਲੀ ਓਹਾ ਹੀ ਰਹੀ ਜੋ ਕਦੀ ਮਦੀ ਆਹੀ ਭਾਵੈਂ ਕੋਈ ਸਾਧ ਸੰਤ ਫਕੀਰ ਆ
ਵੈ ਜੋ ਸੁਆਲ ਆਇਕੇ ਕਰੇ ਖਾਲੀ ਕੋਈ ਨ ਜਾਵੈ ਅਤੇ ਲੋਕਾਂ ਵਿਚ ਭੀ ਏਹੋ ਗਲ ਮ
ਸਾਹੂਰ ਆਣ ਹੋਈ ਜੋ ਨਾਨਕ ਜੈ ਰਾਮ ਦਾ ਸਾਲਾ ਦੇਖੋ ਅਜ ਕਲ ਕਿਧਰੋ ਨਿਕਲਜਾ
ਦਾ ਹੈ ਏਹੋ ਗਲਾਂ ਪਈਆਂ ਹੋਵਨ ਜਿਥੇ ਕਿਥੇ ਅਤੇ ਬੇਬੇ ਨਾਨਕੀ ਨੂੰ ਅਤੇ ਭਾਈਏ ਜੈ
ਰਾਮ ਨੂੰ ਭੀ ਆਣ ਆਣਕੇ ਏਹੋ ਆਖਣ ਕਿ ਸੁਣ ਜੈ ਰਾਮ ਸਾਨੂੰ ਏਹੋ ਸੁਝਦੀ ਹੈ
ਜੋ ਅਜ ਭੀ ਅਤੇ ਕਲ ਭੀ ਨਾਨਕ ਨਿਕਲਿਆ ਖੜਾ ਜਾਣ ਅਸੀ ਤੇਰੇ ਮੂੰਹ ਕਦੀਮ ਦੇ
ਮਿਤ੍ਰ ਹਾਂ ਤਾਂ ਤੈਨੂੰ ਆਖਦੇ ਹਾਂ ਜੋ ਇਸ ਸਾਲੇ ਦੇ ਪਿਛੇ ਨਵਾਬ ਦੀ ਵਲੋਂ ਤੇਰੀ ਪਤ ਰਹੇ ਤੈ
ਨੂੰ ਭੀ ਛੂਟਣਾ ਨ ਪੈ ਜਾਵੈ ਤਾਂ ਜੈ ਰਾਮ ਘਰ ਆਇ ਕਰ ਬਾਤ ਕਰੇ ਦੇਖ ਪਰਮੇਸਰ
ਦੀ ਬੇਦੀ ਲੋਕ ਏਹ ਆਖਦੇ ਹੈਨ ਮੈਂ ਕਿਆ ਕਰਾਂ ਨਾਨਕ ਦੀ ਚਾਲੀ ਓਹੋ ਹੀ ਚਲੀ
ਜਾਂਦੀ ਹੈ ਤਾਂ ਨਾਨਕੀ ਆਖੇ ਦੇਖਣਾ ਮਹਾਰਾਜ ਜੀ ਲੋਕ ਦੇ ਕਹੇ ਮਤ ਭੁਲਣਾ ਅ
ਤੇ ਜੈ ਰਾਮ ਅੰਦਰੋ ਅੰਦਰ ਗਿਣਤੀਆਂ ਖਾਵੈ ਪਰ ਬਾਹਿਰੋ ਸੁਖਨ ਕਰੇ ਨਾ ਇਸੇ
ਤਰਾਂ ਕਿਤਨਕ ਚਿਰ ਬੀਤਿਆ ਤਾਂ ਇਕ ਦਿਨ ਗੁਰੂ ਨਾਨਕ ਜੀ ਆਪੇ ਹੀ ਜੈ ਰਾਮ

ਨੇਆ ਭਰਕੇ ਆ ਭਈਆ ਜੈਰਾਮ ਜੀ ਸਭ ਕਾਰ ਕਾ ਹਿਸਾਬ ਦਿਵਾਈਏ ਬਹੁਤ
ਦਿਨ ਹੋਏ ਹੈਨ ਲੇਖਾ ਕੀਤਿਆਂ ਤਾਂ ਜੈਰਾਮ ਨਬਾਬ ਦੇ ਪਾਸ ਆਇਆ ਅਤੇ ਅ
ਰਜ ਕੀਤੀ ਓਸ ਨਬਾਬ ਸਾਹਿਬ ਸਲਾਮਤ ਨਾਨਕ ਆਪਕਾ ਮੋਦੀ ਅਰ ਜੇਕਰ ਦ
ਹੋ ਜੋ ਹਿਸਾਬ ਸਭ ਕਰ ਲਦੇ ਤਾਂ ਬਹੁਤ ਭਲੀ ਬਾਤ ਹੈ ਤਾਂ ਨਬਾਬ ਨੇ ਅਖਿਆ ਅਦੇ
ਜੈਰਾਮ ਨਾਨਕ ਕੋ ਬੁਲਾਇ ਕਰ ਲਿਆ ਓ ਤਾਂ ਜੈਰਾਮ ਨੇ ਇਕ ਬ੍ਰਾਮਣ ਕੋ
ਭੇਜ ਕਰ ਗੁਰੂ ਨਾਨਕ ਕੋ ਬੁਲਾਇ ਭੇਜਿਆ ਤਾਂ ਗੁਰੂ ਨਾਨਕ ਜੀ ਦ ਹੀਆਂ ਲੈਕਰ ਆ
ਏ ਤਾਂ ਜੈਰਾਮ ਭੀ ਅਤੇ ਨਾਨਕ ਜੀ ਭੀ ਨਬਾਬ ਦੀ ਕਚਹਿਰੀ ਮੇਂ ਆਏ ਬਾਬਾ ਨਾਨਕ
ਜੀ ਬਡੇ ਪ੍ਰਸੰਨ ਮਨ ਹੂਏ ਹੂਏ ਹੈਂ ਆਇ ਨਬਾਬ ਕੋ ਸਲਾਮ ਕੀਤੀ ਅਤੇ ਦੁਗੀਆਂ ਬੀ
ਸਾਬ ਹੀ ਲੈ ਪਹੁੰਚੇ ਸੇ ਤਾਂ ਅਗੋ ਨਬਾਬ ਨੇ ਕਹਿਆ ਅਰੇ ਮੋਦੀ ਤੇਰਾ ਕਿਆ ਨਾਮ
ਹੈ ਤਾਂ ਗੁਰੂ ਜੀ ਕਹਿਆ ਨਬਾਬ ਸਲਾਮਤ ਮੇਰਾ ਨਾਮ ਨਾਨਕ ਨੇਰੰਕਾਰੀ ਹੈ ਤਾਂ
ਨਬਾਬ ਨੇ ਆਖਿਆ ਅਰੇ ਜੈਰਾਮ ਮੈਂਨੇ ਤੋ ਕੁਛ ਨਹੀਂ ਸਮਝਿਆ ਜੋ ਮੋਦੀ ਨੇ ਕਿ
ਆ ਕਹਿਆ ਤਾਂ ਫੇਰ ਜੈਰਾਮ ਨੇ ਫਾਰਸੀ ਵਿਚ ਨਬਾਬ ਕੋ ਕਹਿਆ ਹੇ ਨਬਾਬ ਜੀ
ਜਿਸ ਕੋ ਆਪ ਬੇਚੂਨ ਬੇਨਮੂਨ ਔਰ ਸੁਬਾ ਜਿਸਦਾ ਰੰਗ ਰੂਪ ਨਮੂਨਾ ਕੋਈ ਨ
ਹੀ ਹੈ ਉਸ ਕਰਨਹਾਰ ਕੀ ਸਿਫਤ ਕਰਨੇ ਵਾਲਾ ਬੰਦਾ ਹੂੰ ਨਬਾਬ ਨੇ ਏਹ ਸੁਨ ਕ
ਰਕੇ ਹਸਿਆ ਅਤੇ ਆਖਿ ਓਸ ਜੈਰਾਮ ਮੋਦੀ ਕਾ ਬਿਆਹੁ ਕੀਆ ਹੈ ਕਿ ਨਹੀ
ਤਾਂ ਜੈਰਾਮ ਬੋਲਿਆ ਨਬਾਬ ਸਾਹਿਬ ਮੋਦੀ ਕਾ ਬਿਆਹ ਅਬ ਹੋਨੇ ਵਾਲਾ ਹੈ ਆ
ਪਕੀ ਮਿਹਰਬਾਨੀ ਹੋਵੇਗੀ ਤੋ ਅਬੀ ਬਿਆਹੁ ਹੋ ਜਾਵੇਗਾ ਤਾਂ ਨਬਾਬ ਨੇ ਹਸ ਕਰ
ਕੇ ਹਾਸੀ ਕਰੀ ਸੀ ਜੋ ਮੋਦੀ ਤਬ ਹੀ ਕਹਿਤੇ ਹੈ ਮੈ ਉਸ ਕਰਨਹਾਰ ਕਾ ਬੰਦਾ ਹੋਂ ਜਿਸ
ਕੋ ਬੇਦ ਪੁਰਾਨ ਕਿਤਾਬ ਕੁਰਾਨ ਨੇਤ ਨੇਤ ਕਹਿਤੇ ਹੈਂ ਜੋ ਬੇਹਿਸਾਬ ਹੈ ਜਿਸਦਾ ਹਿਸਾ
ਬ ਕੋਈ ਨਹੀ ਪਾਇਆ ਜਾਂਦਾ ਸੋ ਓਹ ਸਭ ਸਿਫਤਾਂ ਕਾ ਸਾਹਿਬ ਜੋ ਹੈ ਤਿਸ ਕਾ ਬੰ
ਦਾ ਹੋਂ ਸੋ ਏਹੁ ਬਾਤ ਉਤਨਾ ਚਿਰ ਸਚੀ ਹੈ ਜਬ ਤਕ ਏਹੁ ਬਿਆਹਿਆ ਨਹੀ ਅਰ
ਜਬ ਇਸਦੀ ਔਰਤ ਇਸਦੇ ਘਰ ਮੇ ਆਵੇਗੀ ਤਬ ਸਿਫਤੀ ਬੰਦਾ ਹੋਗਾ ਕਿ
ਨ ਹੋਗਾ ਪਿਛੇ ਜਪੀ ਤਪੀ ਰਿਖੀ ਮੁਨੀ ਕਿਤਨੇ ਹੀ ਪੀਰ ਫਕੀਰ ਹੂਏ ਹੈਂ ਜਬ ਔਰਤੋਂ
ਕੇ ਅੰਗ ਉਨੋ ਨੇ ਦੇਖੇ ਹੈਂ ਤਬ ਉਨਕੀ ਮਤ ਟਿਕਾਣੇ ਨਹੀਂ ਰਹੀ ਅਣਗਿਣਤ ਹੀ ਐਸੇ
ਹੂਏ ਹੈ ਤਾਂ ਬਾਬਾ ਨਾਨਕ ਜੀ ਤਿਸ ਕਉ ਉਤਰ ਦੇਤੇ ਭਏ ਕਿ ਹੇ ਨਬਾਬ ਜੀ ਜਿਨਾਂ ਦੇ
ਮਨ ਵਿਚ ਪਰਮੇਸਰ ਦਾ ਪ੍ਰੇਮ ਪੂਰਾ ਨਹੀ ਉਨਕੀ ਏਹ ਬਾਤ ਹੈ ਅਰ ਜਿਨਾ ਦਾ ਮਨ
ਪਰਮੇਸਰ ਨਾਲੋਂ ਕਦੀ ਵਿਛ ਨਹੀਂ ਕਰਦਾ ਹਰ ਵਕਤ ਬੰਦਗੀ ਮਨ ਮੇ ਪਰਮੇ ਸਰ

ਦੀ ਜਿਨ ਦੇ ਲਗੀ ਹੋਈ ਹੈ ਪਰਮੇਸਰ ਨੂੰ ਹਾਜਰ ਹਜੂਰ ਜਾਣਦੇ ਫਕਰ ਦੀ ਦੂਰ ਨ
ਹੀ ਜਾਣਦੇ ਭਗਵਤਿ ਤੇ ਉਨਾਂ ਦੇ ਮਨ ਕੇ ਅੰਤਰ ਨੇ ਕਿਆ ਕਰਨਾ ਹੈ ਜਿਸ ਔਰਤ ਕੀ
ਦੇਹ ਮੈਂ ਲੋਹੂ ਮਿਝ ਹਡ ਚਮੜਾ ਮਲ ਮੂਤ੍ਰ ਸੇ ਭਰੀ ਹੈ ਐਸੀ ਔਰਤ ਕਾ ਬਲ ਉਨਾ ਉ
ਪਰ ਨਹੀ ਪੜਤਾ ਹੈ ਜੋ ਪਰਮੇਸਰ ਦੇ ਪਿਆਰੇ ਪਰਮੇਸਰ ਰੂਪ ਹੋਇ ਜਾਂਦੇ ਹੈਨ ਤਿ
ਸ ਤੇ ਜਾਪਦੇ ਤਬ ਨਬਾਬ ਨੇ ਨਾਨਕ ਜੀ ਦੀ ਦ੍ਰਿੜ੍ਹ ਪ੍ਰਤੀਤ ਪਰਮੇਸਰ ਮੈਂ ਦੇਖ ਕਰ ਔ
ਰ ਬਾਤ ਕੈ ਕਹਿਨੇ ਲਗਾ ਤਾਂ ਨਬਾਬ ਨੇ ਕਹਿਆ ਹੇ ਸਰੇ ਸੁਣੋ ਨਾਨਕ ਮੈਂ ਬਹੁਤ ਦਫੀ
ਸੁਣਿਆ ਹੈ ਜੋ ਤੂੰ ਹਮਾਰੇ ਟਕੇ ਬਹੁਤ ਲੁਟਾਂਵਦਾ ਹੈ ਤੂੰ ਜਾਣਦਾ ਨਹੀ ਮੁਝ ਕੋ ਮੈਂ ਉਲ
ਤ ਖਾਂ ਲੇਂਦੀ ਹੈਂ ਤਾਂ ਗੁਰੂ ਨਾਨਕ ਜੀ ਕਹਿਆ ਨਬਾਬ ਸਲਾਮਤ ਲੇਖਾ ਲੀਜੀਏ ਜੋ ਕੁ
ਛੁ ਹਮਾਰਾ ਹਿਸਾਬ ਨਿਕਲੇ ਸੋ ਆਪ ਕੀ ਖੁਸੀ ਆਵੈ ਤੇ ਦੀਜੀਏ ਨਹੀ ਤਉ ਨ ਦੀਜੀਏ
ਖੂਬ ਸਚ ਅਖੀ ਦੇਖ ਲੀਜੀਏ ਤਾਂ ਨਬਾਬ ਨੇ ਕਹਿਆ ਅਰੇ ਜੈਰਾਮ ਏਹ ਮੋਦੀ ਕਿਸ ਤੇ ਸ
ਹਰ ਬੋਲਦਾ ਹੈ ਤਾਂ ਜੈਰਾਮ ਨੇ ਕਹਿਆ ਨਬਾਬ ਸਲਾਮਤ ਮੋਦੀ ਸਚ ਕਹਿੰਦਾ ਹੈ ਮੋਦੀ ਖਾ
ਤਾ ਟਾਲਾ ਨਹੀ ਤਾਂ ਨਬਾਬ ਨੇ ਕਹਿਆ ਜਾਦੇ ਰਾਇ ਕੋ ਬੁਲਾਵੋ ਤਾਂ ਜਾਦੇ ਰਾਇ ਕੋ ਆਦਮੀ
ਬੁਲਾਵਨੇ ਗਇਆ ਤਾਂ ਜਾਦੇ ਰਾਇ ਨੇ ਆਇ ਸਲਾਮ ਕੀਤਾ ਤਾਂ ਨਬਾਬ ਨੇ ਹੁਕਮ ਦੀਆ
ਅਰੇ ਜਾਦੇ ਰਾਇ ਨਾਨਕ ਸੇ ਹਿਸਾਬ ਲੇਵੈ ਤਉ ਮਤ ਤਾਂ ਜਾਦੇ ਰਾਇ ਨੇ ਕਹਿਆ ਭਲਾ ਨਬਾਬ
ਸਲਾਮਤ ਬਹੁਤ ਦਿਨਾਂ ਦਾ ਹਿਸਾਬ ਹੈ ਦੇਖੀਏ ਕਿਸ ਦੀ ਤਰਫ ਬਹੁਤ ਕੁਛ ਨਿਕਲਦਾ
ਹੈ ਆਮਦਨ ਖਰਚ ਦੇਖ ਲੀਜੀਏ ਬਾਰ ਬਾਰ ਲੋਕ ਨਬਾਬ ਕੋ ਕਹਿੰਦੇ ਸੇ ਨਾਨਕ ਮੋਦੀ
ਲੁਟਦਾ ਹੈ ਅਰ ਪੈਸੇ ਫਕੀਰਾਂ ਨੂੰ ਦੇਂਦਾ ਹੈ ਉਹ ਬਾਤ ਨਬਾਬ ਦੀ ਸੁਨ ਕਰ ਜਾਦੇ ਰਾਇ ਦੀ
ਭੀ ਮਨ ਭਾਂਵਦੀ ਬਾਤ ਹੋਈ ਕਿ ਨਾਨਕ ਹਮਾਰੇ ਕੋ ਕਬੀ ਨਹੀ ਕੁਛ ਦੇਤਾ ਥਾ ਏਹ ਸੁਨ ਕੇ
ਜਾਦੇ ਰਾਇ ਨੇ ਕਹਿਆ ਅਰੇ ਨਾਨਕ ਜੋ ਪੈਸੇ ਹਮਾਰੀ ਤਰਫ ਨਿਕਸੈਂਗੇ ਤੋ ਉਹ ਲੇ ਤਬ
ਦੇਊਂਗਾ ਜਬ ਤੇਰੇ ਸੇ ਲੈ ਲਊਂਗਾ ਅਰ ਫੇਰ ਮੋਦੀ ਖਾਨੇ ਪਰ ਬੈਠਨੇ ਭੀ ਨ ਪਾਵੈਂਗਾ ਹਮਾਰੇ
ਕੋ ਤੂੰ ਨੇ ਕਬੀ ਰਿਸਵਤ ਨਹੀਂ ਦਈ ਏ ਫੇਰ ਇਕ ਅਸਥਾਨ ਪਰ ਬੈਠ ਗਏ ਪਾਂਚ ਦਿਨੋ
ਸਾਬ ਹੋਤਾ ਰਹਿਆ ਕਈ ਅਸ਼ਰਫੀਆਂ ਜਾਦੇ ਰਾਇ ਨੇ ਪਾਈਆਂ ਪਰ ਪਰਮੇਸਰ ਕੁਨ
ਲਅਤ ਸਚ ਨਾਲ ਕੋਈ ਬਾਤ ਪੇਸ਼ ਨ ਹੀ ਜਾਂਦੀ ਪਰ ਜੋ ਰੁਪਿਆ ਨਬਾਬ ਦੇ ਘਰੋਂ
ਆਇਆ ਸੀ ਸੋ ਸਭ ਲਿਖ ਦਾਇ ਦਿਤਾ ਪੀਛੇ ਜੋ ਰੁਪਿਆ ਨਬਾਬ ਦੇ ਘਰ ਖਰਚ ਸੋ ਭੀ
ਲਿਖਾਇ ਦਿਤਾ ਤਉ ਤਿਨ ਸਉ ਇਕੀ ਰੁਪਏ ਨਾਨਕ ਜੀ ਦੇ ਵਧ ਨਿਕਲੇ ਤਾਂ ਜਾਦੇ ਰਾ
ਇ ਸਰ ਨੀਵਾਂ ਹੋਇ ਕਰ ਬੈਠ ਗਿਆ ਅਰ ਜੈਰਾਮ ਨੇ ਨਬਾਬ ਨੂੰ ਜਾਇ ਕਹਿ ਦਿਤਾ ਆਇ
ਸਲਾਮ ਕੀਆ ਤਾਂ ਨਬਾਬ ਨੇ ਕਹਿਆ ਕਿਉਂ ਜੈਰਾਮ ਹਿਸਾਬ ਹੂਆ ਹੈ ਤਾਂ ਜੈਰਾਮ ਨੇ

ਆਖਿਆ ਹੈ ਨਬਾਬ ਸਲਾਮਤ ਤੁਮ ਜਾਦੋ ਰਾਇ ਕੋ ਬੁਲਾਵੋ ਤਾਂ ਨਬਾਬ ਨੇ ਜਾਦੋ ਰਾ
ਇਕੇ ਬੁਲਾਇਆ ਤਾਂ ਜਾਦੋ ਰਾਇ ਨੇ ਨਬਾਬ ਕੋ ਸਲਾਮ ਆਇ ਕੀਤਾ ਤਾਂ ਨਬਾਬ ਨੇ
ਆਖਿਆ ਜਾਦੋ ਰਾਇ ਹਿਸਾਬ ਲੀਆ ਹੈ ਤਾਂ ਜਾਦੋ ਰਾਇ ਨੇ ਕਹਿਆ ਨਬਾਬ ਸਲਾ
ਮਤ ਹਿਸਾਬ ਲੀਆ ਹੈ ਤਉ ਨਬਾਬ ਨੇ ਪੁਛਿਆ ਅਰੇ ਜਾਦੋ ਰਾਇ ਕਿਉਂ ਕਰ ਹਿਸਾ
ਬ ਹੂਆ ਹੈ ਤਾਂ ਜਾਦੋ ਰਾਇ ਬੋਲਿਆ ਨਬਾਬ ਸਲਾਮਤ ਤੀਨ ਸੈ ਇਕੀ ਰੁਪਏ ਨਾ
ਨਕ ਕੇ ਜਾਫ ਆਪ ਕੀ ਤਰਫ ਸਰਕਾਰ ਮੈ ਆਏ ਹੈਨ ਤਾਂ ਨਬਾਬ ਨੇ ਕਹਿਆ ਅ
ਰੇ ਜਾਦੋ ਰਾਇ ਹਮਾਰੇ ਯਾ ਉਸ ਕੇ ਤਾਂ ਜਾਦੋ ਰਾਇ ਨੇ ਕਹਿਆ ਨਬਾਬ ਸਲਾਮਤ
ਨਾਨਕ ਦੇ ਸਰਕਾਰ ਨੇ ਦੇਵਣੇ ਹੈਨ ਤਾਂ ਫੇਰ ਨਬਾਬ ਨੇ ਆਖਿਆ ਅਰੇ ਜਾਦੋ ਰਾਇ ਹ
ਮਾਰੇ ਕੋ ਨਿਤ ਏਹੀ ਕਹਿਤਾ ਥਾ ਜੋ ਨਾਨਕ ਤੁਮਾਰੀ ਹਟ ਕੋ ਲੁਟਾਂਵਦਾ ਹੈ ਅਰ ਲੋਕ
ਭੀ ਏਹੀ ਕਹਿੰਦੇ ਸੇ ਜੋ ਨਾਨਕ ਤੁਮਾਰੇ ਪੈਸੇ ਲੁਟਾਂਵਦਾ ਹੈ ਤਾਂ ਜੈਰਾਮ ਨੇ ਅਰਜ ਕੀ
ਤੀ ਹੈ ਨਬਾਬ ਸਲਾਮਤ ਲੋਕ ਝੂਠ ਮਨੀ ਝੂਠ ਕਹਿੰਦੇ ਹੈਨ ਤਾਂ ਨਬਾਬ ਨੇ ਕਹਿ
ਆ ਅਰੇ ਭਵਾਨੀ ਦਾਸ ਖਜਾਨਚੀ ਨਾਨਕ ਕੇ ਪੈਸੇ ਜੋ ਆਂਵਦੇ ਹੈਨ ਸੋ ਅਬੀ ਅਦਾ
ਕਰੋ ਅਰ ਤੀਨ ਹਜਾਰ ਰੁਪਯਾ ਔਰ ਦੇਵੋ ਤਾਂ ਭਵਾਨੀ ਦਾਸ ਨੇ ਤਿਨ ਸੈ ਇਕੀ ਰੁਪਏ
ਪਿਛਲੇ ਦਿਤੇ ਅਤੇ ਤਿਨ ਹਜਾਰ ਰੁਪਯਾ ਗੁਰੂ ਜੀ ਨੂੰ ਹੋਰ ਦਿਤਾ ਤਾਂ ਗੁਰੂ ਨਾਨਕ ਜੀ
ਥੈਲੀਆਂ ਲੈਕਰ ਘਰ ਨੂੰ ਆਇਆ ਤ੍ਰਿਨ ਸਉ ਇਕੀ ਰੁਪਏ ਹਟ ਉਤੇ ਬਾਬਾ ਜੀ
ਲੈ ਗਿਆ ਅਤੇ ਤਿਨ ਹਜਾਰ ਰੁਪਯਾ ਬੇਬੇ ਨਾਨਕੀ ਪਾਸ ਰਖਿਆ ਤਾਂ ਜੈਰਾਮ ਬਹੁਤ
ਹੀ ਖੁਸੀ ਹੋਇਆ ਅਤੇ ਮੁਬਾਰਕਾਂ ਮਿਲੀਆਂ ਜੈਰਾਮ ਖੁਸੀ ਖੁਸੀ ਘਰ ਆਇ
ਵੜਿਆ ਅਗੋਂ ਨਾਨਕੀ ਨੇ ਪੁਛਿਆ ਜੋ ਜੀ ਕਿਉਂ ਕਰ ਹਿਸਾਬ ਹੋਇਆ ਤਾਂ ਜੈਰਾਮ ਨੇ
ਕਹਿਆ ਸੁਣ ਪਰਮੇਸਰ ਦੀ ਪਿਆਰੀਏ ਮੈਂ ਤਾਂ ਅਜਬ ਹੈਰਾਨ ਹੋਇ ਰਹਿਆ ਹਾਂ
ਅਤੇ ਲੋਕ ਭੀ ਕਹਿੰਦੇ ਹੈਨ ਜੋ ਨਾਨਕ ਸਰੀਹਣ ਪੈਸੇ ਲੁਟਾਵਦਾ ਹੈ ਅਤੇ ਜਾ ਹਿ
ਸਾਬ ਹੋਵਦਾ ਹੈ ਸਬੇਂ ਵਾਧਾ ਹੀ ਨਿਕਲਦਾ ਹੈ ਤਾ ਨਾਨਕੀ ਜੀ ਨੇ ਕਹਿਆ ਜੋ ਜੀ ਅਜ
ਕਿਆ ਵਾਧਾ ਨਿਕਲਿਆ ਹੈ ਤਾ ਜੈਰਾਮ ਕਹਿਆ ਸੁਣ ਬੰਦੀ ਪਰਮੇਸਰ ਦੀ ਤ੍ਰਿ
ਨ ਸਉ ਇਕੀ ਰੁਪਏ ਅੱਜ ਵਧ ਨਿਕਲੇ ਹੈਨ ਖਾਂਦਿਆਂ ਪੀਦਿਆਂ ਲੁਟਾਂਦਿਆਂ
ਤਾਂ ਨਾਨਕੀ ਨੇ ਕਹਿਆ ਜੋ ਜੀ ਇਸ ਪਾਸੇ ਰਾਇ ਬੁਲਾਰ ਬਹੁਤ ਵਰਸਾਣ ਹੈ ਇ
ਤਨਾ ਹੋਰ ਕੋਈ ਨਹੀ ਵਰਸਾਇਆ ਅਤੇ ਨਾ ਵਰਸਾਂਦੇ ਗਾ ਤਾਂ ਜੈਰਾਮ ਕਹਿਆ ਸੁ
ਣ ਪਰਮੇਸਰ ਦੀ ਪਿਆਰੀ ਰਾਇ ਇਕ ਵਰਸਾਣ ਹੈ ਇਸ ਪਾਸੇ ਤਾਂ ਬਹੁਤ ਹੀ
ਲੋਕ ਵਰਸਾਦੇ ਗਾ ਤਾਂ ਨਾਨਕੀ ਬਹੁਤ ਹੀ ਖੁਸੀ ਹੋਈ ਜੈਰਾਮ ਦੇ ਕਹਿਣੇ ਕਰਕੇ

੧ ॥ਆਗੈ ਸਾਖੀ ਗੁਰੂ ਨਾਨਕ ਜੀ ਦੇ ਵਿਆਹ ਦੀ॥੧

ਤਾ ਗੁਰੂ ਨਾਨਕ ਜੀ ਫੇਰ ਮੋਦੀਖਾਨਾ ਲਗੇ ਕਰਨਾ। ਤਾਂ ਸੰਮਤ ੧੫੫੧ ਮਿਤੀ ਹਾੜ ਸੁਦੀ
ਜਤਾ ਸਾਹਾ ਲਿਖਿਆ ਆਇਆ ਤਾ ਬੇਬੇ ਨਾਨਕੀ ਨੇ ਆਪਨੇ ਘਰ ਵਧਾਈ ਕੀਤੀ ਅਤੇ ਤ੍ਰਿ
ਲ ਦੇਈ ਪਿਤਾ ਕਾਲੂ ਨੂੰ ਅਤੇ ਅੰਮਾ ਬੀਬੀ ਨੂੰ ਲਿਖ ਭੇਜਿਆ ਕਿਧੇ ਬ੍ਰਾਹਮਣ ਦੇ ਹਥ
ਕੈਥੂ ਨਾਲ ਛਿਣਕਣੇ ਅਰ ਪਤਾਸੇ ਅਤੇ ਪੰਜ ਰੁਪਏ ਰੋਕ ਤ੍ਰਿਲਦੇਈ ਕਾਲੂ ਦੇ ਘ
ਰ ਭੇਜ ਦਿਤੇ ਤਾਂ ਕਾਲੂ ਦੇ ਘਰ ਅਨੰਦ ਮੰਗਲ ਲਗੇ ਹੋਵਣ ਤਾਂ ਕਾਲੂ ਨੇ ਆਪ
ਣੇ ਸਹੁਰੇ ਆਦਮੀ ਭੇਜਿਆ ਅਤੇ ਉਥੇ ਭੀ ਵਧਾਈ ਹੋਈ ਤਾਂ ਲਗੇ ਭਾਜੀਆਂ
ਫੇਰਣ ਤਾਂ ਕਾਲੂ ਰਾਇ ਬੁਲਾਰ ਪਾਸ ਗਿਆ ਤਾਂ ਜਾਇ ਕਰ ਕਹਿਆ ਹੇ ਰਾਇ ਜੀ
ਨਾਨਕ ਤੁਸਾਡੇ ਦਾਸ ਦਾ ਵਿਆਹੁ ਹੈ ਮੈਂ ਸੁਲਤਾਨਪੁਰ ਜਾਵਾਂ ਸਾਹਾ ਲਿਖਿਆ
ਆਇਆ ਹੈ ਏਹ ਬਾਤ ਸੁਨਕਰ ਰਾਇ ਬੁਲਾਰ ਬਹੁਤ ਤੰਗ ਹੋਇਆ ਬਹੁ ਗੁਸ
ਆਇਆ ਰਾਇ ਕੇ ਅਰ ਕਹਿਆ ਹੇ ਕਾਲੂ ਤੇਰੀ ਮਤ ਨੂੰ ਕੀ ਹੋਇਆ ਤੂੰ ਨਾਨਕ ਨੂੰ
ਆਪਣਾ ਪੁਤ੍ਰ ਜਾਣਦਾ ਹੈ ਓਹ ਤਾਂ ਸਰਬ ਸੰਸਾਰ ਦਾ ਮਾਲਕ ਹੈ ਮੈਨੂੰ ਤੂੰ ਆਖ
ਦਾ ਹੈਂ ਤੇਰਾ ਦਾਸ ਹੈ ਓਹ ਦਾਸ ਨਹੀ ਓਹ ਤਾਂ ਸਰਬ ਕਾ ਮਾਲਕ ਹੈ ਏਹ ਸੁਣ ਕਰ ਕਾ
ਲੂ ਨੇ ਕਹਿਆ ਹੇ ਰਾਇ ਜੀ ਬਖਸੀਏ ਫੇਰ ਏਹ ਬਾਤ ਮੈਂ ਨਹੀ ਕਹੋਂਗਾ ਫੇਰ ਰਾਇ ਨੇ ਕ
ਹਿਆ ਕੇ ਕਾਲੂ ਤੇਰਾ ਸੁਭਾਉ ਬਹੁਤ ਖੋਟਾ ਹੈ ਬੋਲ ਵਿਗਾੜੂ ਹੈ ਦੇਖੀ ਕੁਛ ਬੋਲ ਵਿਗ
ੜੀ ਕਰਦੇਂ ਅਤੇ ਮੂਲਾ ਭੀ ਤੇਰਾ ਕੁੜਮ ਉਹ ਭੀ ਬਹੁਤ ਸਖਤ ਹੈ ਦੋਨੋ ਇਕੋ ਜੇਹੇ ਮ
ਤਰੇਈ ਕੰਮ ਬਿਗਾੜੂ ਦੇ ਤਾਂ ਕਾਲੂ ਨੇ ਕਹਿਆ ਰਾਇ ਜੀ ਇਕੋ ਮੇਰਾ ਪੁਤ੍ਰ ਹੈ ਉਸ ਦਾ
ਬਿਵਾਹ ਹੈ ਐਸੇ ਅਨੰਦ ਵਿਚ ਮੈਂ ਕਿਉਂ ਕਬੋਲ ਬੋਲਾਂਗਾ ਰਾਇ ਨੇ ਕਹਿਆ ਹਾਂ ਭੀ
ਨਾਨਕ ਜੀ ਹਈ ਤੇ ਤੂੰ ਕਾਲੂ ਹੈਂ ਤਾਂ ਕਾਲੂ ਨੇ ਕਹਿਆ ਹੇ ਰਾਇ ਜੀ ਤੁਸੀ ਬਡੇ ਹੋ ਅਰਦਲ
ਤ ਦੇ ਹਾਕਮ ਹੋ ਅਤੇ ਤੁਸੀ ਏਹ ਵਚਨ ਕਿਸ ਤਰਾਂ ਕਹਾ ਤੁਸੀ ਸੁਭ ਬਚਨ ਕਹੋ ਪਰਮੇਸ੍ਰ
ਦੇ ਪਿਆਰੇ ਹੋ ਤਾਂ ਰਾਇ ਨੇ ਆਖਿਆ ਭਲਾ ਕਾਲੂ ਜਾਹੁ ਤੈਨੂੰ ਖੁਦਾਇ ਬਖਸੇਗਾ
ਅਤੇ ਤੇਰੀ ਮੁਰਾਦ ਸਭ ਹਾਸਲ ਹੋਵੇਗੀ ਜਾਹੁ ਸੁਲਤਾਨਪੁਰ ਨੂੰ ਮੇਰਾ ਨਾਨਕ ਜੀ ਨੂੰ
ਸਲਾਮ ਆਖੀ ਅਤੇ ਮੇਰੀ ਤਰਫੋਂ ਨਾਨਕ ਜੀ ਦੇ ਚਰਨਾਂ ਤੇ ਮਥਾ ਟੇਕੀ ਅਤੇ ਬਗਲ
ਵਿਚ ਲਈਂ ਤਾਂ ਕਾਲੂ ਰਾਇ ਬੁਲਾਰ ਕੋਲੋਂ ਵਿਦਿਆ ਲੈਕਰ ਚਲਿਆਂ ਤਾਂ ਸਾਹੇ
ਉਪਰ ਕੌਣ ਕੌਣ ਚੱਲੇ ਕਾਲੂ ਲਾਲੂ ਪਰਸ ਰਾਮ ਇੰਦ੍ਰ ਸੈਣ ਫੇਰੰਦ ਜਗਤਮ
ਲ ਲਾਲਚੰਦ ਜਗਤ ਰਾਇ ਜਟਮੱਲ ਅਤੇ ਹੋਰ ਜਿਤਨੇ ਦੇਈ ਆਹੇ ਸੋ ਸਭ ਤਿ
ਆਰ ਹੋਏ ਅਤੇ ਮਾਸ੍ਰਿਓ ਰਾਮ ਜੀ ਨਾਨਕੀ ਭੀ ਆਇਆ ਜਾਂ ਭਾਦੋ ਦੀ ਸੰਕ੍ਰਾਂਤ ਚੜ੍ਹੀ

ਤਿਲ ਦੇਣੀ ਓਹ ਰਲੇ ਤਾਂ ਆਇ ਪਰਮਾ ਨੰਦ ਪਲਤੇ ਦੇ ਘਰ ਵਨ੍ਹੇ ਜਾਂ ਪੰਜ ਦਿਨ ਸਾਹੇ ਵਿ
ਰਹਿਗੇ ਤਾਂ ਵਿਆਹ ਦਾ ਅਰੰਭੁ ਕੀਤਾ ਅਤੇ ਸੁਲਤਾਨ ਪੁਰੋ ਚਲੇ ਜੁਲੇ ਮਹੂਰਤ ਤਾਂ
ਜਾਇ ਸਾਹੇ ਉਪਰ ਖੜ੍ਹੇ ਹੋਏ ਭਾਈ ਜੈਰਾਮ ਦੇ ਪਿਤਾ ਪਰਮਾ ਨੰਦ ਪਲਤੇ ਨੈ ਨਿਧ
ਬ੍ਰਾਹਮਣ ਨੂੰ ਮੂਲੇ ਦੇ ਘਰ ਭੇਜਿਆ ਸੀ ਹੇ ਨਿਧਾ ਬ੍ਰਾਹਮਣ ਜੀ ਤੁਸੀ ਜਾਇ ਕਰ ਮੂ
ਲੇ ਚੋਣੇ ਨੂੰ ਖਬਰ ਕਰ ਆਉ ਜੋ ਵਹੁਟੀ ਆਈ ਜੰਞ ਬਾਗ ਮੇ ਆਇ ਉਤਰੀ ਹੈ ਸੋ ਤੁ
ਸਾਂ ਨੂੰ ਮਾਲੂਮ ਹੋਵੈ ਤਾਂ ਮੂਲੇ ਚੋਣੇ ਨੂੰ ਨਿਧੇ ਬ੍ਰਾਹਮਣ ਨੇ ਜਾਇਕੇ ਖਬਰ ਕੀਤੀ ਅਤੇ ਆ
ਸੀਰਬਾਦ ਕਹੀ ਜਾਇ ਕਰ ਅਤੇ ਆਖਿਓਸ ਹੇ ਜਿਜਮਾਨ ਜੰਞ ਬਾਗ ਵਿਚ ਆਇ
ਉਤਰੀ ਹੈ ਤੁਹਾਨੂੰ ਖਬਰ ਕਰਨ ਦੇ ਵਾਸਤੇ ਭਾਈ ਪਰਮਾ ਨੰਦ ਨੇ ਭੇਜਿਆ ਹੈ ਤੁਹਾ
ਡੇ ਪਾਸ ਮੈ ਜਾਇ ਕਰ ਖਬਰ ਮੂਲੇ ਨੂੰ ਕਰ ਆਉ ਤਾਂ ਪਾਧੇ ਨੂੰ ਮੂਲੇ ਆਖਿਆ ਭ
ਲਾ ਪਾਧਾ ਜੀ ਬਹੁਤ ਭਲਾ ਕੀਤਾ ਸੈ ਤਾਂ ਮੂਲੇ ਨੇ ਉਠ ਕਰ ਆਪਣੀ ਬਿਰਾਦਰੀ ਦੇ
ਭਿਰਾਉ ਭਾਈ ਇਕਠੇ ਜਾਇ ਕੇ ਕੀਤੇ ਅਤੇ ਅਜਿਤੇ ਰੰਧਾਵੇ ਪਾਸ ਭੀ ਜਾਇ ਕਰ
ਕਹਿਆ ਜੋ ਪਖੋ ਕੇ ਗਊਂ ਦਾ ਚਉਧਰੀ ਸੀ ਲਗਾ ਆਖਣ ਚਉਧਰੀ ਜੀ ਵਹੁਟੀਆ
ਦੀ ਜੰਞ ਬਾਗ ਵਿਚ ਆਇ ਉਤਰੀ ਹੈ ਆਪ ਚਲੀਏ ਤਾਂ ਹਿਤੇ ਰੰਧਾਵੇ ਅਜਿਤੇ ਦੇ ਪਿ
ਤ੍ਰੇ ਨੇ ਆਖਿਆ ਅਜਿਤਿਆ ਤੂੰ ਮੂਲੇ ਨਾਲ ਜਾਹੁ ਭਾਈ ਮੇਰਾ ਸਰੀਰ ਬਿਰਧ
ਹੈ ਮੈਂ ਜਾਇ ਨਹੀ ਸਕਦਾ ਅਤੇ ਜੋ ਮੂਲਾ ਆਖੇਗਾ ਸੋ ਸਭੋ ਅਛੀ ਤਰਾ ਕਰਣੀ
ਅਤੇ ਸੁਣ ਮੂਲਾ ਤੇਰੇ ਨਾਲ ਮੇਰੀ ਹੈਵਿ ਪਰ ਮੇਰੀ ਦੇਹ ਢਲੀ ਹੈ ਤਾਂ ਮੂਲੇ ਨੇ ਆਖਿ
ਆ ਭਲਾ ਚਉਧਰੀ ਜੀ ਤੁਸਾਡਾ ਹੁਕਮ ਜੋ ਹੈ ਸੋ ਤੁਸੀ ਹੀ ਹੋ ਤਾਂ ਫੇਰ ਅਜਿਤੇ ਰੰਧਾਵੇ ਆ
ਖਿਆ ਸੁਣ ਮੂਲਾ ਤੇਰੇ ਘਰ ਭਲੇ ਲੋਕ ਬੇਦੀ ਢੁਕੇ ਹੈਨੀ ਤੂੰ ਕੁਛ ਸਰਮ ਰਖੀਂ ਅਤੇ
ਉਨਾਂ ਦੀ ਸਰਮ ਰਖਣੇ ਨੂੰ ਲੋੜੀਂ ਅਤੇ ਜੀਭ ਨੂੰ ਰੋਕ ਦੇਵੀਂ ਅਸਾਡਾ ਆਖਿਆ ਏਹੋ ਹੈ
ਈ ਅਤੇ ਮੈਂ ਸੁਣਦਾ ਹਾਂ ਜੋ ਕਾਲੂ ਦੇਵੀ ਭਟੀਆਂ ਦਾ ਪਟਵਾਰੀ ਹੈ ਪਰ ਓਹਦੇ ਪੁਤ੍ਰ
ਨੂੰ ਬੁਰੀ ਹੀ ਬੋਲਦਾ ਹੈ ਅਤੇ ਤੇਰੀ ਜਬਾਨ ਦਾ ਕਊੜਾ ਹੀ ਹੈਂ ਅਤੇ ਪਰਮਾ ਨੰਦ ਜੀ ਜੋ
ਹਨ ਭਲੇ ਆਦਮੀ ਵਿਚ ਆਖੀਦੇ ਹਨ ਪਰ ਭਲਾ ਤੁਸੀ ਆਪ ਹੀ ਵੇਖ ਲੈਣਾ ਅਰ ਬਾਣੀ
ਕਰਣਾ ਤਾਂ ਮੂਲੇ ਆਖਿਆ ਭਲਾ ਚੌਧਰੀ ਜੀ ਤੁਸੀ ਅਸਾਡੇ ਪ੍ਰਸਤ ਪਨਾਹ ਹੋ ਇਕੋ
ਪਰਮੇਸਰ ਦੀ ਓਟ ਹੈ ਜਾਂ ਤੁਸਾਡੀ ਓਟ ਹੈ ਤਾਂ ਅਜਿਤੇ ਰੰਧਾਵੇ ਆਖਿਆ ਭਲਾ ਮੂ
ਲਾ ਅਸਾ ਨੂੰ ਤੁਸਾ ਨੂੰ ਦੋਹਾਂ ਨੂੰ ਸਭੋ ਪਰਮੇਸਰ ਦੀ ਹੀ ਓਟ ਹੈ ਤੂੰ ਮੇਰਾ ਆਸਰਾ ਰਖੇ ਅ
ਤੇ ਜਾਇ ਕਰ ਜੰਞ ਦਾ ਅਗਾ ਲੈਵੇਂ ਤਾਂ ਭਾਈ ਮੂਲੇ ਨੇ ਨਿਧੇ ਬ੍ਰਾਹਮਣ ਨੂੰ ਅਗੇ ਤੁਰ ਭੇ
ਜਿਆ ਅਤੇ ਆਪ ਸਭ ਪੰਚ ਪਰਮੇਸਰ ਨਾਲ ਲੈਕੇ ਜੰਞ ਦਾ ਅਗਾ ਲੈਣੇ ਵਾਸਤੇ

ਸਿਧਾਰੇ ਅਜਿਤਾ ਭੀ ਨਾਲੇ ਆਹਾ ਅਤੇ ਬਟੇ ਹਰੀ ਦਾ ਸਮਿਆਨ ਭੀ ਨਾਲੇ ਹੀ ਸੀ
ਤੇ ਗਏ ਆਹੇ ਤਾਂ ਜੈਵਦਾ ਭਲਾ ਆਦਰ ਭਾਉ ਕੀਤਾ ਅਤੇ ਭਲੀ ਪ੍ਰਕਾਰ ਵਾਜੇ ਵਜਾਏ
ਦੋਨੋ ਪਾਸੇ ਵਡਾ ਉਤਸਾਹੁ ਹੋਇਆ ਗਊਆਂ ਦੇ ਆਵਣ ਦੇ ਵੇਲੇ ਜੰਞ ਸਾਹੋਰ ਵਿਚ ਆ
ਈ ਇਕ ਪਾਸੇ ਕਾਲੂ ਦੂਸਰੇ ਪਾਸੇ ਜੈਰਾਮ ਦਾ ਪਿਤਾ ਪੈਸੇ ਟਕੇ ਰੁਪਏ ਸੁਟਦੇ ਧਨ ਕੀ ਬ
ਰਖਾ ਕਰਦੇ ਕਰਦੇ ਡੇਰੇ ਆਏ ਜਹਾਂ ਉਤਾਰ ਦੀ ਆਬਾ ਦੂਲਹ੍ਹ ਕੇ ਦੇਖ ਦੇਖ ਕਰ ਨ
ਰ ਨਾਰੀ ਬਹੁਤੇ ਪ੍ਰਸੰਨ ਹੋਤੇ ਅਰ ਮੂਲੇ ਕੇ ਭਾਗੋਂ ਕੀ ਸਰਾਹਤਾ ਕਰਤੇ ਹੈਂ ਅਠਾਈ
ਹਜਾਰ ਦੇਵਤਿਆਂ ਸਮੇਤ ਇੰਦ੍ਰ ਬ੍ਰਹਮਾ ਬਿਸਨ ਸਿਵ ਆਪਣੀਆਂ ਸਕਤੀਆਂ
ਨਾਲ ਲੈ ਕਰ ਬਾਬੇ ਜੀ ਕਾ ਵਿਵਾਹ ਦੇਖਣੇ ਆਏ ਅਤੇ ਲਛਮੀ ਜੀ ਪਾਰਬਤੀ ਜੀ
ਇੰਦ੍ਰਾਣੀ ਬ੍ਰਹਮਾਣੀ ਹਥ ਮੈ ਆਰਤੀ ਲੈ ਕਰ ਹੋਰ ਪੂਜਾ ਤੇ ਸਾਮਾਨ ਲੈ ਕੇ ਬਾ
ਬੇ ਦੇ ਵਿਆਹ ਕੇ ਗੀਤ ਗਾਵਤੀਆਂ ਹੈ ਜਬ ਮੂਲੇ ਕੇ ਘਰ ਢੁਕਾਊ ਹੋਇਆ ਉਤ
ਸਮੇ ਨਾਨਕ ਨਿਰੰਕਾਰੀ ਜੀ ਕੀ ਆਰਤੀ ਕਰੀ ਗੁਰੂ ਨਾਨਕ ਜੀ ਕਾ ਨਾਮ ਲੈ ਲੈ ਕਰ
ਗੀਤ ਗਾਵਤੀਆਂ ਹੈਂ ਬੇਦ ਬਿਤ ਕਰ ਚੌਕ ਪੂਰਿਆ ਬ੍ਰਹਮਾਂ ਬੇਦ ਕਰਨੇ ਲਗਾ ਉ
ਸਤਤਿ ਕਰਨਿ ਗਣਾਂ ਕੇ ਸਮੇਤ ਸਿਵਜੀ ਮੁਕਟ ਲੈ ਕਰ ਆਏ ਗਣ ਗੰਧਰਬ ਸਭ ਅ
ਨਕੇ ਮੰਗਲਾਚਾਰ ਲਗੇ ਗਾਉਣ ਸਨਕਾਦਕ ਸੇਹਰੇ ਲੈ ਕਰ ਆਏ ਸਭ ਦੇਵੀ ਦੇ
ਵਤੇ ਤੰਬੋਲ ਦੇ ਕਰ ਜੈ ਜੈ ਕਾਰ ਕਰਨੇ ਲਗੇ ਅਤੇ ਨਉ ਨਾਥ ਚਉਰਾਸੀ ਸਿਧ ਸਭ ਭੇ
ਟਾ ਲੈ ਕਰ ਆਏ ਹਨੂ ਸੁਕਲਪਧਰੀ ਸਤਸੀ ਕੇ ਅੰਮ੍ਰਿਤ ਵੇਲੇ ਬਾਬੇ ਨਾਨਕ ਜੀ ਕਾ
ਵਿਆਹ ਹੋਇਆ ਮਾਤਾ ਸੁਲਖਣੀ ਜੀ ਕੋ ਅਸਨਾਨ ਕਰਾਇ ਨਵੀਨ ਬਸਤ੍ਰ ਪਹਿ
ਨਾਇ ਕਰ ਬੇਦ ਬਿਧੀ ਅਨੁਸਾਰ ਧਾਰਿਅ ਪਰ ਬਾਬੇ ਨਾਨਕ ਜੀ ਕੇ ਪਾਸ ਲਿਆ
ਕਰ ਬੈਠਾਇਆ ਅਗਨ ਦੇਵਤਾ ਕੋ ਜਗਾਇ ਕਰ ਗਣੇਸ ਪੂਜਣ ਕਰਕੇ ਘ੍ਰਿਤ ਕੀ
ਆਹੁਤੀਆਂ ਪਾਇ ਕਰ ਲਾਵਾਂ ਲੇਤੇ ਹੈਂ ਅਰ ਬਾਜਿਤ੍ਰ ਬਜਤੇ ਹੈਂ ਜੈ ਜੈ ਕਾਰ ਹੋਇ ਰ
ਹੇ ਹੈਂ ਪੰਜ ਘੜੀਆਂ ਰਾਤ ਰਹਿੰਦੀ ਲਾਵਾਂ ਹੋਈਆਂ ਤਾਂ ਲਾਵਾਂ ਕਰੀਆ ਮਿਲਨਾ

ਰਾਗੁ ਸੂਹੀ ਮਹਲਾ ੧ ਸ੍ਰੀ ਮੁਖਵਾਕ ॥ ਰਾਮ ਪਹਲੜੀ ਲਾਉ ਸਤਿਗੁਰ ਸਤਿ
ਜੁਗ ਸਾਜਿਆ ਬਲਿਰਾਮ ਜੀਉ ॥ ਤ੍ਰਿਗੁਣ ਬਿਸਥਾਰ ਅਨਾਹਦ ਵਾਜਿਆ ਬਲਿਰ
ਾਮ ਜੀਉ ॥ ਬਜਾਇਆ ਅਨਾਹਦ ਸਮੁੰਦ ਮਥਿਆ ਲਛਮੀ ਕਉਲਾਂ ਨਿਕਲੀ ॥ ਤੇਤੀ
ਸ ਕਰੋੜੀ ਛਤ੍ਰ ਕੈ ਆਇ ਠਾਕੁਰ ਕਉ ਮਿਲੀ ॥ ਬਿਆਹੁ ਠਾਕੁਰ ਚਰਨ ਲਾਈ ਚਿਤ੍ਰ
ਭਗਤ ਨਿਬਾਹੀਆ ॥ ਅਰਦਾਸ ਨਾਨਕ ਲਾਉ ਪਹਿਲੀ ਲਾ ਸਤਿਜੁਗ ਸਤਿਗੁਰ
ਸਾਜਿਆ ॥੧॥ ਰਾਮ ਦੂਸਰੀ ਲਾਂਉ ਤ੍ਰੇਤਾ ਜੁਗ ਵਰਤਾਇਆ ਬਲਿਰਾਮ ਜੀਉ ॥ ਧਿ

ਨਧਿਨਸੋਤਧਿਆਏਜਿਨਹਰਿਨਾਮੁਧਿਆਇਆਬਲਿਰਾਮਜੀਉ॥ਸੋਤਜਪੰਡੇ
ਨਾਮਹਰਿਕਾਮਿਲੇਰਾਮਪਿਆਰਿਆ॥ਗੋਪੀਵਧਨਖਰਪ੍ਰਪਤ ਚੜਾਇਆ
ਗਸਰਾਮਕਾਬਲਹਾਰਿਆ॥ਬਿਆਹੁਸੀਤਾਗੁਰਮਾਹੀਆ॥ਏਚਿਨ੍ਹ ਭਗਤਿਨਿ
ਬਾਹੀਆ॥ਅਰਦਾਸਨਾਨਕਲਾਂਉਂਦੂਜੀਸੀਤਾਰਮਾਖਿਆਹੀਆ॥੨॥
ਰਾਮਤੁਜੀਲਾਉਜੁਗਦੁਆਪੁਰਵਰਤਾਇਆ॥ਬਲਿਰਾਮਜੀਉ॥ਰੁਕਮਣੀਮੰਗ
ਲਗਾਇਆ ਸਹਿਜ ਸੋਤੀਸਸਪਾਲਰਜਆਏਆ॥ਬਲਿਰਾਮਜੀਉ॥ਬ੍ਰ ਚ
ਨਪੂਰੇਵੈਸਧਰਿਆਚਕਰਸਿਖਬਿਦਾਰਿਆ॥ਬਿਆਹੁਰੁਕਮਣੀਰਾਖੇਆ
ਣੀਓਟਭਗਤਨਿਬਾਹੀਆ॥ਅਰਦਾਸਨਾਨਕਲਾਉਤੀਜੀਰੁਕਮਣੀਕ੍ਰਿਸ
ਨਜੀਵਰਪਾਇਆ॥੩॥ਰਾਮਚੌਥੀ ਲਾਉਕਰਤੈਕਲ ਜੁਗਪ੍ਰਗਟਾਇਆ॥ਬ
ਲਰਾਮਜੀਉ॥ਜਿਨਹਰਿਸਿਉਪ੍ਰੀਤਨਾਗੀਤੇਸੰਗਭੁਗੋਮਾਇਆ॥ਬਲਿਰਾ
ਮਜੀਉ॥ਮਾਇਆਤਲਾਗੇਭਰਮਜਾਗੇਸਗਲਵਜਹੁਤਿਨਪਾਇਆ॥ਨਾਮ
ਦਾਨੁਇਸਨਾਨਨਾਗੀਕੀਆਜੋਮਕਾਪੰਥਨਕਾਟਿਆ॥ਨਾਨਕਲੋਕੀਆਪਹੋਇ
ਆਛੁਪਾਹਿਨਾਹਿਛੁਪਾਇਆ॥ਅਰਦਾਸਨਾਨਕਲਾਉਚੌਥੀ ਪ੍ਰਭਸਭਨਾਮਹਿ
ਸਮਾਇਆ॥੪॥ ਅਗੋਮੰਗਲਚਾਲਿਆ ਰਾਗਸੂਹੀਵਿਚ ਸ੍ਰੀਮੁਖਵਾਕ
ਮੰਗਲ॥ ॥ਰਾਮਪਹਿਲੜੈਮੰਗਲਹਰਿਹਰਿਨਾਮਧਿਆਈਐ॥ ਮੇਰੇਮ
ਨਤਨਕੀਰਿਆਅਗਰਚੰਦਨਘਸਲਾਈਐਅਗਰਚੰਦਨ ਘਸਲਾਇਕਪੂ
ਰਕੇਸਰ ਢੋਈਐ॥ਰਾਮਨਾਮਉਚਰਿਤਰਸਨਾਸਦਾਹਰਿਰਸਰੋਈਐ॥ਘਸਲ
ਗਾਈਐਅਗਰਚੰਦਨਭੰਗ੍ਰਪ੍ਰੇਮਪ੍ਰਭਕਾਪਾਈਐ॥ਕੁਰਬਾਨਕੀਤਾਗੁਰੂਦ੍ਵ
ਏਹੁਜਿਨਏਹੁਕਾਜਰਚਾਈਐ॥੧॥ਰਾਮਦੂਜੜੈਮੰਗਲਫੁਲੀਮੰਗਲਗਾਈਐ
ਫੁਲੀਤੰਮੰਗਲਗਾਈਐਆਪਕਰਤਾਪੁਰਖਬਿਆਹੁਣਆਇਆ॥ਸੁਰਨ
ਰਗਣਗੰਧਬਸਭਗੀਕੌਤਕਦੇਖਬਿਸਮਾਇਆ॥ਕੁਰਬਾਨਕੀਤਾ ਗੁਰੂ
ਦੇਵਹੁਜਿਨਏਹੁਕਾਜਰਚਾਇਆ॥ਬਿਨਵੰਤਨਾਨਕਸੁਣਹੁਸੰਤਹੁ ਸਭਸੰਗ
ਲਿਓਹਕਾਜਸੁਹਾਇਆ॥ਉਤਸਾਹੁਹੋਇਆਸੋਭਸੋਤੀਮੰਗਲਕਾਜਸੁਹਾਇ
ਆ॥੨॥ ਰਾਮਤੀਜੜੈਮੰਗਲਧ੍ਰਿਤਜਣਲਿਆਈਐ॥ਇਹੁਪੁਰਦਿਰ
ਜਨਮਤਾਜਣ ਸਰਗੋਜੀਨਮੰਗਾਈਐ॥ਗਲਸਰਗੋਦੀਪਾਇਤਜਣਸਿਰ
ਮਤੁਰਤਕਰਾਈਐ॥ਅਜਬਸੋਭਾਪਾਇਤੁਜਣਰਾਰ ਆਪਸਜਾਈਐ
ਜਿਤਰਤੜੈਸੀਰਿਗਆਪਸੁਆਮੀਅਜਬਸੋਭਸੁਹਾਈਐ॥ਬਿਨਵੰਤਨਾਨਕ

ਤੀਜੜੈ ਮੰਗਲ ਪੀਰੂ ਤਾਜਣ ਲਿਆਈਐ ॥੩॥ ਰਾਮੌਰੈ ਥੜੂੰ ਮੰਗ
ਲ ਸਤਿਗੁਰੂ ਬਿਆਹੁਣ ਆਇਆ ਏਹੁ ਅਜਬ ਦਰਸ ਅਪਾਰ ਤੇ ਸਿਆ
ਤ ਕੋਮਲ ਭਾਇਆ ਤੇਤੀਸ ਕਰੋੜੀ ਸਭ ਸੰਗਤ ਨਾਲ ਰਾਣਾ ਪਤੁ ਆਇਆ
ਸਦਬੂਰ ਮੇਸ ਤ ਹਜਾਰ ਕਿ ਮੋਤੀਆਂ ਚੌਕ ਪੁਰਾਇਆ ਘਤ ਹੁਖਾਰੇ ਦੇਹੁ ਫੇਰੇ ਸ
ਤਿਗੁਰੂ ਬਿਆਹੁਣ ਆਇਆ ਬਿਨਵੰਤਿ ਨਾਨਕ ਮੰਗਲ ਚਉਥੇ ਸਰਬ ਕਾਜ ਸੁ
ਹਾਇਆ ॥੪॥ ਤਾਂ ਗੁਰੂ ਨਾਨਕ ਜੀ ਕਾ ਵਿਆਹੁ ਹੋਇਆ ਪਰ ਬਹੁਤ ਰ
ਸ ਰਹਿਆ ਤਾਂ ਬਾਲੇ ਆਖਿਆ ਸੁਣੋ ਗੁਰੂ ਜੀ ਏਹੁ ਜੋ ਗਲ ਮੈਂ ਆਖਦਾ ਹਾਂ ਸੋ
ਮੈਂ ਆਪਣੀ ਅਖੀ ਡਿਠੀ ਆਖਦਾ ਹਾਂ ਸੁਣੀਆਂ ਗਲਾਂ ਮੈ ਨਾਹੀ ਆਖਦਾ
ਜੀ ਤਾਂ ਗੁਰੂ ਅੰਗਦ ਜੀ ਬਾਜੀਆਂ ਗਲਾਂ ਸੁਣਕੈ ਰੰਗ ਵਿਚ ਬੈਰਾਗ ਕਰਦਾ ਹ
ਹੈ ਜਾਂ ਲਾਂਵਾਂ ਦਾ ਵੇਲਾ ਹੋਇਆ ਸੀ ਤਿਸ ਵੇਲੇ ਬਾਬੇ ਨਾਨਕ ਜੀ ਆਖਿਆ ਭਾ
ਈ ਬਾਲਾ ਤੂੰ ਮੇਰੇ ਪਾਸ ਹੀ ਰਹੁ ਤਾਂ ਮੈਂ ਬਾਲੇ ਆਖਿਆ ਭਲਾ ਗੁਰੂ ਜੀ ਮੈ ਤੁਸਾਂ
ਦੇ ਪਾਸ ਹੀ ਹਾਂ ਅਤੇ ਸੁਣੋ ਗੁਰੂ ਜੀ ਜੋ ਕੁਛ ਗ੍ਰਿਹਸਤ ਖਰਚ ਗੁਰੂ ਨਾਨਕ ਜੀ ਦਾ ਆ
ਹਾ ਸੋ ਮੇਰੇ ਪਾਸ ਹੀ ਆਹਾ ਤਾਂ ਗੁਰੂ ਨਾਨਕ ਜੀ ਦੇ ਬਿਆਹ ਦਾ ਦੋਨੋ ਪਾਸੇ ਭਲਾ
ਰਸ ਰਹਿਆ ਅਤੇ ਤਿੰਨ ਦਿਨ ਜੰਞ ਰਹੀ ਫੇਰ ਚੌਥੇ ਦਿਨ ਜੰਞ ਵਿਦਿਆ ਹੋਈ
ਤਾਂ ਗੁਰੂ ਨਾਨਕ ਜੀ ਡੋਲੀ ਲੈਕਰ ਸੁਲਤਾਨਪੁਰ ਆਇ ਵੜੇ ਤਾਂ ਕਾਲੂ ਤੇ ਲਾ
ਲੂ ਦੋਨੋ ਭਾਈ ਆਖਣ ਲਗੇ ਜੋ ਨੀਗਰ ਅਤੇ ਵਹੁਟੀ ਆਪਣੇ ਘਰ ਤਲ
ਵੰਡੀ ਨੂੰ ਚਲਨ ਅਤੇ ਨਾਨਕੀ ਜੀ ਅਰ ਜੈਰਾਮ ਆਖਣ ਜੋ ਇਥੇ ਹੀ ਰਹਿ
ਣ ਤਿਲਵੰਡੀ ਭੇਜੇ ਨਾਹੀ ਏਹ ਝਗੜਾ ਕੀਤੇ ਨੇ ਜਾਂ ਅਗਲਾ ਦਿਨ ਹੋਇਆ ਤਾਂ
ਪਰਮਾਨੰਦ ਨੇ ਕਹਿਆ ਸੁਣ ਮੂਲ ਚੰਦ ਏਹੁ ਹੁਣ ਪਹਿਲੀ ਵਾਰੀ ਹੈ ਅਤੇ ਨੀ
ਗਰ ਦੀ ਮਾਂਉ ਦੀ ਭੀ ਸਿਕ ਮੁਰਾਦ ਹੈ ਅਤੇ ਏਹ ਹੁਣ ਆਪਣੇ ਘਰ ਨੂੰ ਜਾਵਨਾ
ਫੇਰ ਆਇਕਰ ਇਥੇ ਹੀ ਰਹਿਨਗੇ ਕਿਉਂ ਜੋ ਕਿਰਤ ਮੋਦੀਖਾਨੇ ਦੀ ਭੀ ਇਥੇ
ਹੀ ਹੈ ਇਨਾ ਦਾ ਉਥੇ ਰਹਿਣਾ ਕਿਉਂ ਕਰ ਬਣਦਾ ਹੈ ਅਤੇ ਡੋਲੀ ਘਰ ਲੈ ਜਾਨ ਤਾਂ
ਗੁਰੂ ਨਾਨਕ ਜੀ ਅਤੇ ਮਾਤਾ ਚੋਣੀ ਦੀ ਡੋਲੀ ਤਲਵੰਡੀ ਨੂੰ ਲੈ ਗਏ ਅਤੇ ਗੁਰੂ ਨਾ
ਨਕ ਜੀ ਭੀ ਤਲਵੰਡੀ ਨੂੰ ਚਲੇ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਭਾਈ ਬਾਲਾ
ਅਸਾਂ ਆਵਦਿਆਂ ਤੀਕਰ ਤੂੰ ਸੀ ਕੰਮ ਚਲਾਂਵੇ ਤਾਂ ਅਗੋਂ ਬਾਲੇ ਆਖਿਆ ਗੁ
ਰੂ ਜੀ ਮੈ ਤਉ ਜਟ ਹਉ ਮੈਥੋਂ ਕੰਮ ਮੋਦੀਖਾਨੇ ਦਾ ਕਿਉਂ ਕਰ ਚਲੇਗਾ ਤਾਂ ਗੁਰੂ ਨਾ
ਨਕ ਜੀ ਕਹਿਆ ਹੇ ਭਾਈ ਬਾਲਾ ਏਹ ਕੰਮ ਕਰਤਾਰ ਚਲਾਵੇਗਾ ਪਰ ਤੁਸੀ ਵਿਚ

ਘੜੇ ਰਹੋ ਇਕ ਮਹੀਨੇ ਨੂੰ ਅਸੀ ਜਰੂਰ ਅਵੀਏਗੇ ਤਾਂ ਮੈਂ ਬਾਲੇ ਆਖਿਆ ਭਲਾ ਗੁ
ਰੂ ਜੀ ਜੈਸੇ ਤੁਸਾਡੀ ਰਜਾਇ ਤਿਉ ਹੀ ਕਰਉ ਹੇ ਗੁਰੂ ਜੀ ਜੈ ਕੁਛ ਤੁਸੀ ਆਖ ਹੋਗੇ ਸੋ
ਈ ਮੈਂ ਕਰਉਂਗਾ ਤਾਂ ਗੁਰੂ ਨਾਨਕ ਜੀ ਤਲਵੰਡੀ ਨੂੰ ਗਏ ਤਾਂ ਬਾਲੇ ਆਖਿਆ ਸੁਣ
ਦੇ ਗੁਰੂ ਜੀ ਉਥਹੁ ਦੀ ਖਬਰ ਮੈਨੂੰ ਕੋਈ ਨਾਹੀਂ ਹੈ ਜੋ ਦੇਖਾਂ ਗੁਰੂ ਨਾਨਕ ਜੀ ਤ
ਲਵੰਡੀ ਵਿਚ ਕਿਆ ਕਿਆ ਚੋਜ ਕੀਤੇ ਹੈਨ ਤਾਂ ਗੁਰੂ ਨਾਨਕ ਜੀ ਇਕ ਮਹੀਨਾ
ਤਲਵੰਡੀ ਰਹਿਆ ਮਹੀਨੇ ਪਿਛੋਂ ਸੁਲਤਾਨ ਪੁਰ ਵਿਚ ਆਇ ਵੜੇ ਤਾਂ ਫੇਰ ਗੁ
ਰੂ ਨਾਨਕ ਜੀ ਭੈਣ ਨਾਨਕੀ ਜੀ ਨੂੰ ਅਤੇ ਜੈਰਾਮ ਨੂੰ ਆਇ ਮਿਲਿਆ ਅਤੇ ਮਾ
ਤਾ ਚੋਣੀ ਜੀ ਭੀ ਆਇ ਕਰ ਨਨਾਣ ਦੀ ਪੈਰੀ ਪਈ ਤਾ ਅਗੋਂ ਬੇਬੇ ਨਾਨਕੀ ਆ
ਖਿਆ ਠੰਢੀ ਠਰੀ ਹੋਵੇਂ ਤਾਂ ਅਗਲੇ ਦਿਨ ਗੁਰੂ ਨਾਨਕ ਜੀ ਮੋਦੀ ਖਾਨੇ ਆਇ
ਬੈਠੇ ਅਤੇ ਮਾਤਾ ਚੋਣੀ ਜੀ ਪੇਕੇ ਗਈ ਮੂਲਾ ਆਇ ਕਰ ਆਪਣੇ ਘਰ ਲੈ ਗਿ
ਆ ਤਾਂ ਗੁਰੂ ਨਾਨਕ ਜੀ ਮੋਦੀ ਖਾਨੇ ਜਾਇ ਕਰ ਲਗੇ ਕੰਮ ਚਲਾਵਣ ਬਾਬਾ ਨਾ
ਨਕ ਜੀ ਗੱਦੀ ਪਰ ਬੈਠੇ ਤਕੜੀ ਪਕੜ ਕੇ ਜੋ ਕੋਈ ਕੁਛ ਆਇ ਮੰਗੇ ਸੋ ਬਾਬਾ
ਜੀ ਦਿਦਾ ਜਾਵੈ ਅਤੇ ਬਾਲਾ ਲਿਆਇ ਕਰ ਪਕੜਾਵੈ ਤਾਂ ਬਾਬਾ ਤੋਲ ਕਰ ਦਿਦਾ
ਜਾਵੈ ਜੋ ਚਾਲੀ ਕਣੀ ਭੀ ਦੀ ਆਹੀ ਸੋਈ ਬਾਬੇ ਦੀ ਰਹੀ ਲੋਕ ਦੇਖ ਕਰ ਏਹੋ ਆ
ਖਨ ਭਾਈ ਮੋਦੀ ਖਾਨਾ ਨਬਾਬ ਦਾ ਕਟਣ ਹੈ ਦੌਲਤ ਨਬਾਬ ਦੀ ਲੁਟਾਂਵਦਾ ਹੈ
ਅਤੇ ਨਬਾਬ ਨੂੰ ਜਾਇ ਕਰ ਆਖਣ ਤੇਰਾ ਮੋਦੀ ਬਹੁਤ ਫਕੀਰਾਂ ਨੂੰ ਲੁਟਾਂਵ
ਦਾ ਹੈ ਕੋਈ ਆਖਨ ਪ੍ਰਭ ਸਹੈ ਇਸ ਦੇ ਪਾਸ ਪੁੰਨ ਜੋ ਵਸਤ ਹੈ ਸੋਈ ਉਸ ਪੁੰਨ ਦੀ
ਏਹੁ ਦੇਹੀ ਧਾਰ ਬੈਠਾ ਹੈ ਐਸੀਆਂ ਬਾਤਾਂ ਸੁਣਕੇ ਨਾਨਕੁ ਕਿਆ ਆਹਾ ਮੂਲਾ
ਉਸ ਥੀ ਭੀ ਦਧੀਕ ਮਿਲਿਆ ਕੋਈ ਕਾਲ ਬੇਬੇ ਨਾਨਕੀ ਜੀ ਦੇ ਘਰ ਵਿਚ ਰਹੇ
ਫੇਰ ਬਾਬਾ ਜੀਨੇ ਆਪਣਾ ਘਰ ਬਣਾਇ ਕਰ ਉਥੇ ਰਹਿਣ ਲਗੇ ਜੋ ਸਰਬ
ਰੁਤ ਮੈਂ ਸੁਖ ਦਾਈ ਆਹਾ ਅਤੇ ਸਭ ਸਮਾਨ ਜੋ ਘਰ ਵਿਚ ਲੋੜੀ ਦੀਆ ਹੀ ਬ
ਬੇ ਜੀਨੇ ਸਭ ਮੰਗਾਇ ਰਖੀ ਬਸਤ੍ਰ ਭੁਖਣ ਨਿਤ ਨਵੀਨ ਬਣਾਇ ਕਰ ਘਰ ਮੈ ਦੇ
ਵਨ ਹੋਰ ਸਰਬ ਪਕਾਰ ਦੇ ਸੁਖ ਤਿਆਰ ਕਰਕੇ ਦੇਦੇ ਰਹਿਨ ਅਤੇ ਕਬੀਲੇ ਨਾਲ
ਮੋਹ ਥੋੜਾ ਕਰਨ ਇਸੀ ਵਾਸਤੇ ਸੁਲਖਣੀ ਜੀ ਸਦੇ ਬੇਬੇ ਨਾਨਕੀ ਪਾਸ ਜਾਵੈ ਤਾਂ
ਗੁਸੇ ਰਹੇ ਬੇਬੇ ਜੀ ਭੀ ਛੋਟੀ ਭਰਜਾਈ ਜਾਣਕੇ ਬਹੁਤ ਦਰੀ ਭੁਸਾ ਮਨ ਕਰ ਦੀ
ਰਹੇ ਮਾਤਾ ਚੋਣੀ ਮੂਲੇ ਚੋਣੇ ਦੀ ਧੀ ਇਸੀ ਵਾਸਤੇ ਸੁਲਖਣੀ ਭੀ ਚੋਣੀ ਭੀ ਨਾ
ਮ ਆਖਦੇ ਹੈਨ ਬੇਬੇ ਨਾਨਕੀ ਨਾਲ ਚੋਣੀ [illegible] ਅਤੇ ਗੁਰੂ ਜੀ ਦੀ ਭ

ਸੀ ਆਵੇ ਤਾਂ ਆਵਨ ਜੇ ਦਿਲ ਨਾ ਕਰੇ ਤਾਂ ਨਾ ਆਵਨ ਆਪਨੇ ਘਰ ਵਸੀ ਦਿਨ ਗੁਜਰ ਜਾ
ਵਨ ਘਰ ਵਿਹੜਿਆਂ ਅਤੇ ਮਹਾ ਰਾਜ ਦਾ ਸਹੁਰਾ ਜਦ ਆਵੇ ਧੀ ਨੂੰ ਮਿਲਣ ਤਾਂ ਅਗੋਂ ਮਤ
ਰੇਣੀ ਆਖੇ ਤੁਸਾਂ ਮੈਨੂੰ ਕਿਥੇ ਦਿਤਾ ਹੈ ਓਹ ਘਰ ਨਹੀਂ ਆਂਵਦਾ ਮੇਰੇ ਨਾਲ ਨਹੀਂ ਬੋਲਦਾ ਤਾਂ
ਮੂਲਾ ਜੈਰਾਮ ਪਾਸ ਆਇਕਰ ਬਡਾ ਗੁਸਾ ਕਰਕੇ ਉਚੀ ਬੋਲੇ ਤੇ ਕਹੇ ਤੁਸਾਂ ਮੇਰੀ ਬੇਟੀ
ਨੂੰ ਪਾਇ ਬੋੜਿਆ ਅਤੇ ਨਾਨਕ ਜੀ ਨੂੰ ਆਖੇ ਅਟੇ ਤੂੰ ਕਿਥੇ ਪੈਦੇ ਹੋਇਆ ਹੈ ਮੇਰੀ
ਜਿੰਦ ਨੂੰ ਲਿਖਿਆ ਛਪਾ ਆਹੇ ਤਾਂ ਗੁਰੂ ਨਾਨਕ ਜੀ ਬੋਲੇ ਨਾਹੀਂ ਅਤੇ ਓਹ ਝਖ ਝਖ
ਕੇ ਉਠ ਜਾਵਨ ਮੂਲਾ ਅਤੇ ਮੂਲੇ ਦੀ ਘਰ ਨੀ ਚੰਦੋ ਰਾਣੀ ਮਹੀਨੇ ਮਹੀਨੇ ਆਇਕ
ਰ ਝਸ ਕਰ ਜਾਵਨ ਤਾਂ ਇਕ ਦਿਨ ਚੰਦੋ ਰਾਣੀ ਬੇਬੇ ਨਾਨਕੀ ਪਾਸ ਆਈ ਆਇਕੇ
ਨਾਨਕੀ ਨਾਲ ਲੜਨ ਲਗੀ ਕਿਉਂ ਜੀ ਅਜੇਹੀਆਂ ਹਥੂਮਤਾਂ ਕਰਨ ਲਗੀ ਹੈ ਤੁਸਾ
ਨੂੰ ਪਰਮੇਸਰ ਦਾ ਭਉ ਨਹੀਂ ਅਤੇ ਆਪਣੇ ਭਰਾਉ ਨੂੰ ਨਹੀਂ ਏਹ ਸਮਝਾਂਵਦੀਅ
ਤੇ ਭਰਜਾਈ ਨੂੰ ਨਹੀਂ ਇਕਰ ਗਿਣਦੀ ਅਤੇ ਨਾ ਤੂੰ ਭਰਜਾਈ ਦੀ ਖਬਰ ਲੈਂਦੀ ਹੈਂ ਅ
ਤੇ ਨਾ ਤੂੰ ਟਟਦੀਆਂ ਸਾਲੇ ਨੂੰ ਸਮਝਾਂਵਦੀ ਹੈ ਤੂੰ ਸਾਡੇ ਜੀਅ ਵਿਚ ਕਿਆ ਆਇ
ਆਹੈ ਸੋ ਤੁਸੀਂ ਆਖੋ ਤਾਂ ਬੇਬੇ ਨਾਨਕੀ ਨੇ ਆਖਿਆ ਸੁਣ ਮਾਸੀ ਮੈਂ ਜੇ ਭਿਰਾਉ ਨੂੰ
ਸਮਝਾਵਾਂ ਸੋ ਕਿਆ ਸਮਝਾਵਾਂ ਭਿਰਾਉ ਮੇਰਾ ਚੋਰੀ ਨਾਹੀਂ ਕਰਦਾ ਜੂਆ ਕੋਈ ਨਾਹੀ
ਯਾਰੀ ਨਾਹੀਂ ਕਰਦਾ ਹੋਰ ਕੋਈ ਬੁਰਾ ਕੰਮ ਭੀ ਨਾਹੀਂ ਕਰਦਾ ਜਿਸ ਕੰਮ ਥੀਂ ਮੈਂ ਉਸ
ਨੂੰ ਸਮਝਾਵਾਂ ਅਤੇ ਆਪਣੀ ਕਮਾਈ ਵਿਚੋਂ ਨੰਗੇ ਭੁਖੇ ਨੂੰ ਦੇ ਛਡਦਾ ਹੈ ਦਾਨ ਪੁੰਨ
ਕਰਦਾ ਹੈ ਸੋ ਇਨ ਕੰਮਾਂ ਥੀਂ ਵਰਜਣ ਭਲਾ ਨਹੀਂ ਅਤੇ ਮਾਸੀ ਜੀ ਤੁਸੀਂ ਉਲਾਮੇ ਬਦ
ਦੇਹੁ ਜੇ ਤੁਹਾਡੀ ਧੀ ਅਨੰਗੀ ਭੁਖੀ ਰਹਿੰਦੀ ਹੋਵੇ ਕਪੜਾ ਗਹਿਣਾ ਅਤੇ ਰੋਟੀ ਖਾ
ਵਣ ਸੋ ਨਿਤ ਨਵਾਂ ਤੇਰੀ ਬੇਟੀ ਨੂੰ ਬਣਦਾ ਰਹਿੰਦਾ ਹੈ ਚੰਗੀਆਂ ਭਲਿਆਂ ਖਾਦਿਆਂ
ਪੀਤਿਆਂ ਅਸਾਨੂੰ ਖੁਆਰ ਕਰੋ ਤੇ ਤੁਸੀਂ ਜਾਣੋ ਅਸਾਡਾ ਮੂਹ ਸੁਆਵਦਾ ਨਹੀ
ਦੇਂਦਾ ਜੇ ਇਸ ਮੂੰਹੋਂ ਅਸੀਂ ਤੁਸਾਂ ਨੂੰ ਕੁਛ ਆਖੀਏ ਰਹਿਣੇ ਦੀ ਜਾਹਗਾ ਰਹਿ
ਣਾ ਅਤੇ ਰੋਟੀ ਕਪੜੇ ਦੀ ਕੁਛ ਪਰਵਾਹ ਨਾਹੀਂ ਅਤੇ ਮੈਂ ਅਸਤ ਅਸਤ ਪਈ ਕ
ਰਦੀ ਹਾਂ ਭਾਬੀ ਬਿਨ ਮੇਰਾ ਇਸ ਨੂੰ ਹੋਰ ਕਈ ਸਦਿਆ ਨਹੀਂ ਅਤੇ ਤੁਸੀਂ ਅਸਾ
ਨੂੰ ਅਤੇ ਘਰੀ ਦੇ ਪੁਤ੍ਰ ਨੂੰ ਅਨਹਕ ਬਿਨਾ ਖੁਆਰ ਕਰੋ ਤਾਂ ਸਾਡਾ ਕਿਆ ਵਸ
ਹੈ ਅਤੇ ਤੁਸੀਂ ਜਾਣੋ ਤੁਹਾਡੀ ਖੁਸੀ ਅਸੀਂ ਤਾਂ ਤੁਹਾਨੂੰ ਕੁਛ ਨਹੀਂ ਆਖਦੇ ਇਤਨੀਆਂ
ਬਾਤ ਸੁਣ ਕਰ ਚੰਦੋ ਰਾਣੀ ਚੁਪ ਕਰਕੇ ਉਠ ਗਈ ਸਰਮਿੰਦੀ ਹੋਇਕੇ ਤਾਂ ਚੰਦੋ ਰਾ
ਣੀ ਧੀਆ ਪਾਸ ਆਈ ਆਇਕੇ ਆਖਿਓਸ ਸੁਣ ਬੇਟੀ ਸੁਲਖਣੀ ਤੇਰੀ ਨਿਨਾਣ

ਨੇ ਤਾਂ ਮੈਨੂੰ ਬਹੁਤ ਸਰਮਿੰਦਿਆਂ ਕਰ ਛਡਿਆ ਹੈ ਅਤੇ ਮੈਨੂੰ ਜਬਾਬ ਕੋਈ ਭੀ
ਨਹੀਂ ਆਇਆ ਅਤੇ ਸੁਣ ਬੇਟੀ ਸੁਲਖਣੀ ਤੂੰ ਭੀ ਕੁਛ ਨਿਹੋਰਿਆ ਕਰਤ
ਅਗੋਂ ਤੇ ਸੁਲਖਣੀ ਆਖਿਆ ਆਮਾਂ ਜੀ ਮੈਂ ਕੁਝ ਨੰਗੀ ਭੁਖੀ ਤਾਂ ਨਹੀਂ ਰਹਿੰਦੀ
ਅਤੇ ਖਾਵਣ ਪੀਵਣ ਨੂੰ ਤਾਂ ਸਭੋ ਕੁਛ ਹੈ ਅਤੇ ਗਹਿਣੇ ਕਪੜੇ ਭੀ ਬਹੁਤ ਹੈਨ ਤਾਂ
ਚੰਦੋ ਆਖਿਆ ਬੇਟੀ ਖਾਵਣ ਪੀਵਣ ਨੂੰ ਸਭੋ ਕੁਛ ਹੈ ਤਾਂ ਤੂੰ ਉਸ ਖਤ੍ਰੀ ਦੇ ਪੁਤ੍ਰ ਨੂੰ ਕਿ
ਉਂ ਖੁਆਰ ਕਰਦੀ ਹੈ ਤਾਂ ਅਗੋਂ ਮਾਤਾ ਚੰਦੋ ਰਾਣੀ ਕਹਿਆ ਆਮਾਂ ਜੀ ਮੈਂ ਕਿਆ ਕਰਾਂ
ਮੈਨੂੰ ਮੂਹ ਨਹੀਂ ਲਾਂਵਦਾ ਅਤੇ ਸਿਧੇ ਮੂੰਹ ਬੋਲਦਾ ਭੀ ਨਹੀਂ ਅਤੇ ਮੈਂ ਕਿਸੁ ਅਗੇ
ਆਖਾਂ ਇਤਨੀ ਸੁਣ ਕਰ ਚੰਦੋ ਰਾਣੀ ਬੇਬੇ ਨਾਨਕੀ ਪਾਸ ਫਿਰ ਆਈ ਅਤੇ ਆਇ
ਕਰ ਆਖਣ ਲਗੀ ਸੁਣ ਬੇਟੀ ਤੇਰੀ ਭਰਜਾਈ ਕਹਿੰਦੀ ਹੈ ਜੋ ਸੁਣ ਆਮਾਂ ਮੈਂ ਕੁ
ਛੁ ਨੰਗੀ ਭੁਖੀ ਨਹੀਂ ਰਹਿੰਦੀ ਗਹਿਣੇ ਕਪੜੇ ਬਹੁਤ ਹੈਨ ਪਰ ਮੇਰੇ ਨਾਲ ਸਿਧੇ ਮੂੰਹ
ਬੋਲਦਾ ਨਹੀਂ ਪਹਿਲੇ ਤਾਂ ਘਰ ਆਵਣਾ ਹੀ ਮੁਸਕਲ ਹੈ ਜੇ ਆਇਆ ਮਹੀਨੇ
ਦੋ ਮਹੀਨੇ ਪਿਛੋਂ ਤਾਂ ਬੋਲਦਾ ਨਹੀਂ ਤਾਂ ਬੇਬੇ ਨਾਨਕੀ ਆਖਿਆ ਸੁਣ ਮਾਸੀ ਜੀ ਭਾਬੀ
ਦੀ ਤਰਫ ਭੀ ਬੜੀ ਕਸਰ ਹੈ ਮੈਂ ਕਈ ਵਾਰੀ ਸਦ ਘਲਦੀ ਹਾਂ ਤਾਂ ਆਂਵਦੀ ਨਹੀਂ ਜੇ
ਕਦੀ ਆਂਵਦੀ ਹੈ ਤਾਂ ਕੇਹੀ ਜੇਹੀ ਆਂਵਦੀ ਹੈ ਜੋ ਲੋਹੀ ਲਾਖੀ ਹੋਇ ਕੇ ਆਂਵਦੀ ਹੈ
ਤਾਂ ਮੈਂ ਏਹੁ ਜੀਅ ਵਿਚ ਆਖਦੀ ਹਾਂ ਜੋ ਏਹ ਮੇਰੀ ਛੋਟੀ ਭਰਜਾਈ ਹੈ ਜਿਸ ਤਰਾਂ ਏ
ਹੁ ਰਾਜੀ ਰਹੇ ਉਸੇ ਤਰਾਂ ਹੀ ਕਿਉਂ ਜੋ ਅਸੀਸਾਂ ਦੀ ਪਾਇਆਂ ਦੀ ਹੈ ਅਤੇ ਭੁਲੇਖੜੇ
ਆਂਦੀ ਧੀਆ ਹੈ ਭਲਾ ਏਹੁ ਆਪੇ ਹੀ ਸਿਆਣੀ ਹੋਇ ਜਾਵੇਗੀ ਏਹੁ ਸਮਝ ਕੇ ਮੈਂ
ਅਸਤ ਅਸਤ ਭਾਬੀ ਜੀ ਭਾਬੀ ਜੀ ਪਈ ਆਖਦੀ ਹਾਂ ਮੂੰਹ ਲਾਲ ਦੇਖਦੀ ਰਹਿੰਦੀ
ਹਾਂ ਇਸ ਦਾ ਸੁਭਾਉ ਰੂਖਾ ਹੈ ਏਹ ਗਲ ਸੁਣ ਕੇ ਚੰਦੋ ਰਾਣੀ ਆਖਿਆ ਹੇ ਬੇਟੀ ਨਾ
ਨਕੀ ਕਮੀ ਤਾਂ ਕਿਸੇ ਗਲ ਦੀ ਨਹੀਂ ਘਰ ਵਿਚ ਪਰ ਤੂੰ ਆਪ ਸਿਆਣੀ ਹੈਂ ਤੀਮ
ਤਾਂ ਨੂੰ ਦਿਲਾਸਾ ਬਹੁਤ ਲੋੜੀਦਾ ਹੈ ਬੇਬੇ ਨਾਨਕੀ ਕਹਿਆ ਭਲਾ ਮਾਸੀ ਜੀ ਤੂੰ ਭੀ ਸ
ਚੀ ਹੈਂ ਪਰ ਪਰਮੇਸਰ ਭਲੀ ਕਰਸੀ ਪਰ ਤੂੰ ਭੀ ਧੀਅ ਦਾ ਦਿਲਾਸਾ ਕਰ ਅਤੇ ਸਮ
ਝਾਉ ਭੀ ਇਸ ਦਾ ਸੁਭਾਉ ਐਸਾ ਸਖਤ ਨਹੀਂ ਲੋੜੀਏ ਘਰ ਆਏ ਮਰਦ ਨੂੰ ਜੇ ਸਕ
ਬਰ ਨਹੀਂ ਕਰੀਦੀ ਤਾਂ ਮਰਦ ਦਾ ਚਿਤ ਨਹੀਂ ਖੁਸੀ ਹੋਂਦਾ ਅਰ ਮਾਸੀ ਜੀ ਤੂੰ ਜਾਣਦੀ ਹੋ
ਵੇਗੀ ਜੋ ਏਹੁ ਉਦਾਸੀ ਰਖਣੀ ਕਰਦੀ ਹੋਵੇਗੀ ਪਰ ਮੈਂ ਤਾਂ ਨਾਨਕ ਜੀ ਨੂੰ ਪਰਮੇਸ
ਰ ਹੀ ਕਰ ਜਾਣਦੀ ਹਾਂ ਤੂੰ ਸਤ ਪਰਤੀਤ ਕਰ ਜਾਣੇ ਇਸ ਗਲ ਵਿਚ ਫੇਰ ਕੋਈ ਨ
ਹੀ ਪਰ ਭਲਾ ਮਾਸੀ ਜੀ ਵੇਖਣਾ ਤਾਂ ਤੁਸੀਂ ਜਾਹੋ ਅਤੇ ਪਰਮੇਸਰ ਕਰੇਗਾ ਤਾਂ ਮੈਂ ਭਾ

ਬੀ ਨੂੰ ਦਿਲਾਸਾ ਦਿਵਾਇ ਗੀ ਚੰਦੋ ਰਾਣੀ ਆਪਣੇ ਘਰ ਨੂੰ ਗਈ ਤਾਂ ਇਕ ਦਿਨ ਗੁ
ਰੂ ਨਾਨਕ ਜੀ ਭੈਣਾਂ ਨੂੰ ਮਿਲਣ ਆਇਆ ਸੀ ਅਤੇ ਬੇਬੇ ਨਾਨਕੀ ਨੂੰ ਆਇ ਮਿਲੇ
ਤਾਂ ਬੇਬੇ ਨਾਨਕੀ ਜੀ ਅਗੋਂ ਉਠ ਖੜੋਤੀ ਬਹੁਤ ਆਦਰ ਕੀਤਾ ਅਤੇ ਬੇਬੇ ਜੀ ਨੇ ਆਖਿਆ
ਹੇ ਭਾਈ ਜੀ ਅਜ ਮੇਰੇ ਉਪਰ ਪਰਮੇਸਰ ਬਹੁਤ ਹੀ ਮਿਹਰਵਾਨ ਹੋਇਆ ਹੈ ਜੋ ਤੂੰ ਸਾ
ਨੂੰ ਦਰਸਨ ਦਿੱਤਾ ਹੈ ਤਾਂ ਗੁਰੂ ਜੀ ਆਖਿਆ ਬੇਬੇ ਜੀ ਮੈਂ ਤਾਂ ਤੁਹਾਡਾ ਗੁਲਾਮ ਹਾਂ ਤਾਂ
ਬੇਬੇ ਨਾਨਕੀ ਆਖਿਆ ਭਾਈ ਜੀ ਏਹੁ ਗਲ ਤੂੰ ਮੇਰੇ ਤਾਈਂ ਮਤ ਆਖਿਆ ਕਰ ਜੀ ਤਾਂ
ਗੁਰੂ ਨਾਨਕ ਜੀ ਕਹਿਆ ਬੇਬੇ ਜੀ ਤੂੰ ਵਡੀ ਹੈਂ ਤਾਂ ਬੇਬੇ ਨਾਨਕੀ ਨੇ ਕਹਿਆ ਭਾਈ ਜੀ ਦਿ
ਨਾਂ ਵਿਚ ਤਾਂ ਵਡੀ ਹਾਂ ਪਰ ਜੀ ਕਰਮਾਂ ਵਿਚ ਤਾਂ ਵਡੀ ਨਹੀਂ ਅਰ ਭਾਈ ਜੀ ਵਡੇ ਸੋਈ
ਹੈ ਜੋ ਕਰਮਾਂ ਵਿਚ ਵਡਾ ਹੋਵੇ ਤਾਂ ਗੁਰੂ ਨਾਨਕ ਜੀ ਕਹਿਆ ਬੇਬੇ ਜੀ ਏਹੁ ਬਾਤ ਪਰਮੇ
ਸਰ ਨੇ ਤੁਧੇ ਨੂੰ ਬੁਝਾਈ ਹੈ ਅਰ ਪਰਮੇਸਰ ਤੇਰੇ ਉਪਰ ਮਿਹਰਵਾਨ ਹੈ ਤਾਂ ਬੇਬੇ ਨਾ
ਨਕੀ ਆਖਿਆ ਸੁਣੋ ਭਾਈ ਜੀ ਪਰਮੇਸਰ ਮੇਰੇ ਉਤੇ ਮਿਹਰਵਾਨ ਤਾਂ ਜਾਣਾਂਗੀ ਜੇ
ਤੂੰ ਮੇਰਾ ਆਖਿਆ ਮੰਨੇ ਤਾਂ ਗੁਰੂ ਨਾਨਕ ਜੀ ਖੁਸੀ ਹੋਇਕੇ ਕਹਿਆ ਆਖੁ ਬੇਬੇ ਜੀ
ਜੋ ਕੁਛ ਤੂੰ ਆਖੇਂਗੀ ਸੋ ਮੈਂ ਮੰਨਾਂਗਾ ਤੂੰ ਮੇਰੀ ਵਡੀ ਭੈਣ ਹੈਂ ਅਤੇ ਤੇਰਾ ਮੇਰਾ ਪਿਛਲੇ
ਜਨਮਾਂ ਵਿਚ ਭੀ ਭੈਣ ਭਿਰਾਉ ਦਾ ਸਨਬੰਧ ਹੋਂਦਾ ਹੀ ਆਇਆ ਹੈ ਅਰ ਤੂੰ ਹਮਾਰੀ
ਬਹੁਤ ਸੇਵਾ ਕੀਤੀ ਆਹੀ ਸੋ ਤੇਰਾ ਭਾਰ ਅਸਾਡੇ ਸਿਰ ਉਤੇ ਹੈ ਅਰ ਜੋ ਤੂੰ ਆਖੇਂਗੀ
ਸੋਈ ਮੰਨਾਂਗਾ ਤਾਂ ਬੇਬੇ ਨਾਨਕੀ ਨੇ ਆਖਿਆ ਭਾਈ ਜੀ ਅਸੀ ਬਹੁਤ ਸਰਮਿੰਦੇ ਹੋ
ਏ ਆਹੇ ਜੋ ਤੂੰ ਭਾਬੀ ਨੂੰ ਦਿਲਾਸਾ ਨਹੀਂ ਦੇਂਦਾ ਅਤੇ ਤੀਮਤਾਂ ਦਾ ਦਿਲਾਸਾ ਨਾ ਹੀ ਹੋ
ਦਾ ਤਾਂ ਬਹੁਤ ਸਰਮਿੰਦਿਆਂ ਹੋਈਦਾ ਹੈ ਅਰ ਤੂੰ ਤਾਂ ਸਾਧੁ ਹੈਂ ਜੋ ਤੂੰ ਆਪਣੇ ਜੀਅ
ਵਿਚਾਰ ਕਰ ਦੇਖ ਤਾਂ ਗੁਰੂ ਨਾਨਕ ਜੀ ਆਖਿਆ ਬੇਬੇ ਜੀ ਕਿਸੇ ਗਲੋਂ ਦਿਲਗੀਰ
ਹੋਈ ਹੈਂ ਤਾਂ ਬੇਬੇ ਨਾਨਕੀ ਨੇ ਆਖਿਆ ਜੋ ਭਾਈ ਜੀ ਦਿਲਗੀਰ ਕਿਉਂ ਰਹੇ ਜੋ ਸਭ
ਕੁਛ ਪਰਮੇਸਰ ਦਾ ਦਿਤਾ ਹੋਇਆ ਹਾਜਰ ਹੈ ਪਰ ਇਕ ਮੂੰਹ ਦਾ ਦਿਲਾਸਾ ਸਭਨ
ਗਲਾਂ ਥੋਂ ਵਡਾ ਹੈ ਤੀਮਤਾਂ ਦੀ ਜਾਤ ਨੂੰ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਆਖਿਆ ਸੁ
ਣ ਬੇਬੇ ਜੀ ਤੂੰ ਇਸ ਗਲ ਦਾ ਮਨ ਤੇ ਸੰਤੋਖ ਕਰ ਅਤੇ ਜੋ ਕੁਝ ਤੂੰ ਆਖੇਂਗੀ ਸੋਈ
ਮੈਂ ਕਰਾਂਗਾ ਹੁਣ ਤੂੰ ਏਹ ਗਲ ਛਡ ਦੇਹੁ ਅਤੇ ਕਾਈ ਹੋਰ ਗਲ ਕਰ ਤਾਂ ਬੇਬੇ ਨਾ
ਨਕੀ ਨੇ ਆਖਿਆ ਸੁਣੋ ਭਾਈ ਜੀ ਮੇਰੇ ਮਨ ਤਾਂ ਏਹੁ ਗਲ ਹੈ ਜੋ ਤੇਰੀ ਔਲਾਦ
ਦੇਖਾਂ ਅਤੇ ਆਪਣੇ ਕੁਛੜ ਖਿਡਾਵਾਂ ਤਾਂ ਗੁਰੂ ਨਾਨਕ ਜੀ ਆਖਿਆ ਭਲਾ
ਬੇਬੇ ਜੀ ਜੋ ਕੁਛ ਤੂੰ ਮੰਗਦੀ ਹੈਂ ਸੋਈ ਹੋਇ ਰਹਸੀ ਤਾਂ ਏਹ ਬਾਤ ਆਖ ਕਰ ਗੁ

ਤੂ ਨਾਨਕ ਜੀ ਚਲਦੇ ਰਹੇ ਅਤੇ ਫੇਰ ਗੁਰੂ ਨਾਨਕ ਜੀ ਆਪ ਭੀ ਲਦੇ ਘਰ ਵਿਚ
ਵਾਸ ਕਰਨ। ॥ਸਾਖੀ ਪੂਰੀ ਹੋਈ॥
ਨਾਨਕ ਵੇਦੀ ਸੁਲਤਾਨਪੁਰ ਦਉਲਤ ਖਾਨ ਦਾ ਮੋਦੀ ਆਹਾ ਸੁਲਤਾਨਪੁ
ਰ ਵਿਚ ਮੋਦੀਖਾਨਾ ਕਮਾਂਵਦਾ ਆਹਾ ਜਾਂ ਵਰਿਆ ਬਾਵੀਆ ਦਾ ਨਾਨਕ ਹੋਇ
ਆਸੀ ਤਾਂ ਨਾਨਕ ਦੇ ਘਰ ਇਕ ਪੁਤ੍ਰ ਹੋਇਆ ਅਤੇ ਨਾਉ ਸਿਰੀ ਚੰਦੁ ਰਖਿਆ
ਜਾਂ ਸਿਰੀ ਚੰਦੁ ਵਰਿਆ ਸਾਢਿਆ ਚਹੁ ਦਾ ਹੋਇਆ ਤਾਂ ਲਖਮੀਦਾਸ ਪੇਟ
ਸੀ ਬਾਬਾ ਨਾਨਕ ਨਿਤ ਪਹਰ ਪਹੁਰ ਰਾਤ ਰਹਿੰਦੀ ਇਸਨਾਨ ਕਰਣ ਜਾਵੈ ਇ
ਕ ਦਿਨ ਟੁਬੀ ਮਾਰੀ ਵਿਚੇ ਗੁਮ ਹੋਇ ਗਇਆ ਤਾਂ ਮੋਦੀਖਾਨੇ ਸ਼ੋਰ ਕਰਿ ਵਿ
ਚ ਤੈੜ ਪੈ ਗਈ ਜੋ ਨਾਨਕ ਵੇਦੀ ਗੁੰਮ ਹੋਇਆ ਕੋਈ ਆਖੇ ਸਰਕਾਰ ਦੇ ਪੈਸੇ
ਖੋਇ ਗਇਆ ਫਕੀਰਾਂ ਨੂੰ ਖਵਾਇਦਾ ਸੀ ਏਹ ਤੈੜ ਹਾਇ ਰਹੀ ਤਾਂ ਤੀਜੇ ਦਿ
ਨ ਨਾਨਕ ਬਾਹਰਿ ਨਿਕਲਿਆ ਸ਼ੋਰ ਪਇਆ ਜੋ ਨਾਨਕ ਵੇਦੀ ਨੂੰ ਭੂਤਨਾ
ਲਗਾ ਖਪਤੀ ਹੋਇਆ ਤਾਂ ਦਉਲਤ ਖਾਨ ਲੋਦੀ ਜੈਰਾਮ ਨੂੰ ਪਕੜ ਮੰਗਾ
ਇਆ ਪੈਸਿਆਂ ਦਾ ਜਬਾਬ ਤੂੰ ਕਰੀ ਜੈਰਾਮ ਆਇਆ ਨਾਨਕ ਪਾਸ ਆਖਿ
ਉਸ ਦਉਲਤ ਖਾਨ ਟਕਿਆਂ ਦਾ ਹਿਸਾਬ ਮੰਗਦਾ ਹੈ ਚਲ ਕਰਿ ਹਿਸਾਬ ਕਰਿ
ਨਾਨਕ ਉਠਿ ਕਰਿ ਨਾਲ ਹੋਇਆ ਜਾਇ ਹਿਸਾਬ ਦਿਤਸੁ ਸਤ ਸੈ ਸਠਿ ਰੁਪਏ
ਨਾਨਕ ਦੇ ਵਾਧੇ ਨਿਕਲੇ ਖਬਰ ਦਉਲਤ ਖਾਨ ਨੂੰ ਹੋਈ ਤਾਂ ਦਉਲਤ ਖਾਨ ਕ
ਹਿਆ ਤੂੰ ਮੋਦੀਖਾਨੇ ਬੈਠਿ ਆਪਣਾ ਹਿਸਾਬ ਕੁਝ ਆਟੇ ਸੇਤੀ ਅਗੇ ਮੋਦੀ ਖਾ
ਨੇ ਦਾ ਕੰਮ ਚਲਾਇ ਤਾਂ ਨਾਨਕ ਕਹਿਆ ਖਾਨ ਜੀ ਏਹ ਪੈਸੇ ਮੇਰੇ ਨਹੀ ਏਹ ਪੈ
ਸੇ ਖੁਦਾਇ ਕੇ ਹੈਂ ਏ ਪੈਸੇ ਫੇਰ ਫਕੀਰਾਂ ਨੇ ਖੁਲਾਏ ਨਾਨਕ ਫਕੀਰ ਹੋਇਆ ਘ
ਰਿ ਨ ਵੜਿਆ ਮੂਲਾ ਨਾਨਕ ਦਾ ਸਹੁਰਾ ਜਲਕੇ ਅੰਗਾਰ ਹੋਇ ਗਇਆਂ ਮੂ
ਲਾ ਸਾਮੇ ਪੰਡਤ ਦਾ ਸੇਵਕ ਆਹਾ ਤਾਂ ਸਾਮੇ ਪੰਡਤ ਪਾਸ ਜਾਇ ਰੋਇਆ ਦੇਖ ਜੀ
ਨਾਨਕ ਨੇ ਕਿਛੁ ਕਿਰਤਿ ਕਰਦਾ ਹੈ ਨ ਕਿਤੇ ਵਲ ਨਿਕਲਦਾ ਹੈ ਮੈਂ ਬਹੁਤ ਦੁਖੀ
ਹੋਇਆ ਹਾਂ ਸਾਂਮੇ ਪੰਡਤ ਕਹਿਆ ਚਲ ਦੇਖਾਂ ਮੂਲਾ ਨਾਨਕ ਕਿਥੇ ਹੈ ਮੂਲੇ ਕਹਿ
ਆ ਇਹ ਰੋੜਾਂ ਵਿਚਿ ਬੈਠ ਰਹਿੰਦਾ ਹੈ ਤਾਂ ਮੂਲਾ ਸਾਮਾ ਦੋਵੈ ਆਏ ਨਾਨਕ ਪਾਸਿ
ਨਾਨਕ ਰੋੜਾਂ ਵਿਚਿ ਬੈਠਾ ਆਹਾ ਤਾਂ ਸਾਂਮੇ ਪੰਡਿਤ ਕਹਿਆ ਨਾਨਕ ਏਹ ਕਿ
ਆ ਸਾਂਗ ਬਣਾਇਆ ਹਈ ਕਿਆ ਕਰੀਆਂ ਗਲਾਂ ਕਰਦਾ ਹੈ ਚਲ ਕਿਛੁ
ਕਿਰਤਿ ਕਰਿ। ॥ਰਾਗੁ ਬਸੰਤ ਦੀ ਰੁਤ ਆਹੀ॥ ਨਾਨਕ ਨੂੰ ਸਬਦ ਫੁ

ਪਤਿ ਹੋਇਆ॥

॥ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥ ਦੁਇ ਮਾਈ
ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥੧॥ ਸੁਆਮੀ ਪੰਡਿ
ਤਾ ਤੁਮ ਦੇਹੁ ਮਤੀ ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ॥

॥ਤਿਸਕਾ ਪ੍ਰਮਾਰਥ॥

॥ਕਾਇਆ ਕਾਚੀ ਨਗਰੀ ਹੈ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਪੰਜੇ ਦੁਸਟ ਹੈਨਿ ਦੁਇ ਮਾਈ ਆਖੀ ਹੈਨਿ ਦੁਇ ਬਾਪ ਸਰ ਵਨ ਹੈਨਿ ਤਾਂ ਫਿਰਿ ਮੂਲਾ ਸਤੁਰ ਬੋਲਿਆ ਜੋ ਇਹੁ ਅਗਨਿ ਲਗੀ ਆਹੀਆ ਵਿਚ ਵਧਾਵਣੁ ਦੀ ਹੁਣਿ ਬਿਜਾਰ ਹੋਇ ਨਾਲੇ ਤਾਂ ਫਿਰਿ ਗੁਰੂ ਨਾਨਕ ਸਬਦ ਬੋਲਿਆ॥

॥ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥ ਚੰਦੁ
ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥੨॥

॥ਤਿਸਕਾ ਪਰਮਾਰਥ॥ ॥ਅੰਤਰਿ ਅਗਨਿ ਜੋ ਹੈ ਸੋ ਤ੍ਰਿਸਨਾ ਹੈ ਬਨਾਸਪਤਿ ਜੋ ਹੈ ਸੰਪ੍ਰਦਾਈਆਂ ਹੈਨਿ ਅਰੁ ਜੋਰੁ ਤੇ ਧਨੁ ਤੁਸ ਕਾਰ ਕੁਤਬ ਕਤੇਬ ਸੋ ਗੁਰੂ ਸਾਮਾ ਪੰਡਿਤ ਤੂਸੀ ਹੋ ਚੰਦੁ ਸੂਰਜ ਦਾ ਚੰਦ ਨਾ ਹੈ ਨਾਭ ਕਮਲ ਵਿਚਿ ਚਾਨਣਾ ਹੈ ਤਾ ਜਾਣੀਐ ਜਾਂ ਗੁਰੂ ਪੂਰਾ ਮਿਲੇ ਤਾਂ ਅੰਧਿਆਰਾ ਜਾਵੈ ਗਿਆਨੁ ਪ੍ਰਾਪਤਿ ਹੋਵੈ ਤਾਂ ਸਾਮਾ ਪੰਡਿਤ ਬੋਲਿਆ ਜੋ ਨਾਨਕ ਘਰ ਹੀ ਵਿਚਿ ਸਿਮਰਣਾ ਅਤੇ ਕਿਰਤ ਕਰਿ ਰਾਮ ਸਭਨਾ ਦੀ ਸਾਰ ਵਿਚਿ ਹੈ ਤਾਂ ਨਾਨਕ ਸਬਦੁ ਬੋਲਿਆ॥ ॥

॥ਰਾਮ ਰਵੰਤਾ ਜਾਣੀਐ ਇਕ ਮਾਈ ਭੋਗ ਕਰੇਇ॥ ਤਾ ਕੇ ਲਖਣ ਜਾਣੀਅਹਿ ਖਿ
ਮਾ ਧਨੁ ਸੰਗ੍ਰਹੇ॥

॥ਤਿਸਕਾ ਪ੍ਰਮਾਰਥ॥ ॥ਰਾਮ ਸਭਨਾ ਦੀ ਸਾਰ ਵਿਚਿ ਹੈ ਪਰ ਕਿਰਪਾ ਤਿਸੇ ਉਪਰਿ ਹੈ ਜਿਸ ਨੋ ਖਿਮਾ ਤੇ ਧੀਰਜ ਬਖਸਿਆ ਹੈਸੁ ਤਾਂ ਫਿਰਿ ਮੂਲਾ ਬੋਲਿਆ ਜੀ ਏਹ ਤਾਂ ਸਿਰੜੀ ਹੋਇਆ ਹੈ ਕਿਸੇ ਦਾ ਆਖਿਆ ਨਾਹੀ ਮੰਨਦਾ ਤਾਂ ਨਾਨਕ ਬੋਲਿਆ ॥ਕਹਿਆ ਨ ਸੁਣੈ ਕਹਿਆ ਨ ਮੰਨੈ ਤਿਸਹੀ ਸੇਤੀ ਵਾਸਾ॥

॥ਪ੍ਰਣਵਤਿ ਨਾਨਕ ਦਾਸਨਿ ਦਾਸਾ ਖਿਨ ਤੋਲਾ ਖਿਨ ਮਾਸਾ॥੪

ਏਹ ਰਸਨਾ ਜੋ ਹੈ ਸੋ ਕਿਸੇ ਦੇ ਕਹੇ ਨਹੀ ਜਾਂਦੀ ਦੀ ਅਠੇ ਪਹਰਿ ਇਸੇ ਨਾਲਿ ਵਾਸਾ ਹੈ ਖਿਨ ਤੋਲਾ ਖਿਨ ਮਾਸਾ ਹੈ ਸਾਂਮਾ ਪੰਡਤ ਜੇ ਕਰ ਤਾਂ ਏਹ ਵਸ ਹੋਵੈ ਤਾਂ ਏਹ ਰਸਨਾ ਵਿਖਿਆ ਵਲੋ ਹਟੇ॥ ॥ ॥ ॥

॥ਸਾਖੀ ਹੋਰ ਚਲੀ॥

॥ਤਾਂ ਮੂਲਾ ਵੈਣਾ ਨਵਾਬ ਪਾਸਿ ਜਾਇ ਫਿਰਿਆਦੀ ਹੂਆ ਨਵਾਬ ਦਉ
ਲਤ ਖਾਨੁ ਕਹਿਆ ਅਰੇ ਜਾਦਰ ਖਾਨ ਏਹ ਕਉਨ ਹੈ ਤਾਂ ਹੈ ਫਿਰੀਆਦੀ ਕਿਸ
ਉਪਰ ਹੈ ਮੂਲੇ ਕਹਿਆ ਜੀ ਮੈਂ ਨਾਨਕ ਮੋਦੀ ਕਾ ਸਹੁਰਾ ਹੈ ਆਉ ਨਾਨਕ ਪਰ
ਫਿਰਿਆਦੀ ਹੈ ਨਵਾਬੁ ਕਹਿਆ ਏ ਜਾਦਰਖਾ ਇਸ ਕੋ ਅਗੇ ਲੈ ਆਉ ਜਾਦਰ
ਖਾਨ ਮੂਲੇ ਨੂੰ ਨਜੀਕ ਲੈ ਗਇਆ ਤਾਂ ਨਵਾਬ ਕਹਿਆ ਰੇ ਤੂੰ ਕਿਉ ਨਾਨਕ ਜੀ
ਪਰਿ ਫਿਰੀਆਦੀ ਹੈ ਮੂਲੇ ਅਰਜ ਕੀਤੀ ਨਵਾਬ ਸਲਾਮਤ ਸਤਿ ਸੈ ਸਠਿ ਰੁ
ਪਏ ਜੋ ਨਾਨਕ ਦੇ ਵਧੇ ਹੈਂ ਸੋ ਨਾਨਕ ਕੇ ਕਬੀਲੇ ਕੌ ਮਿਲੇ ਤਾਂ ਨਵਾਬ ਕਹਿਆ
ਅਰੇ ਮੂਲਾ ਨਾਨਕ ਤਾਂ ਕਹਿਆ ਹੈ ਜੋ ਫਕੀਰਾਂ ਕੌ ਦੇਹ ਤਾਂ ਫਿਰਿ ਮੂਲੇ ਕਹਿ
ਆ ਨਵਾਬ ਸਲਾਮਤਿ ਨਾਨਕ ਤਾਂ ਸਿੜ੍ਹੀ ਹੂਆ ਹੈ ਤਾਂ ਨਵਾਬ ਕਹਿਆ ਸੁ
ਨ ਜਾਦਰਖਾਂ ਹਕਤੇ ਇਨੇ ਕਹੇ ਪਰ ਜੇ ਨਾਨਕ ਆਖੇ ਤਾਂ ਨਾਨਕ ਕਉ ਮੂਲਾ ਲ
ਗਾ ਆਖਣ ਜੋ ਖਤੁ ਨਾਹੀ ਖਾਇਆ ਹੈ ਤਾਂ ਫਕੀਰਾਂ ਕਉ ਦੇਹ ਤਾਂ ਮੂਲੇ ਇਕ
ਮੁਲਾਂ ਨੂੰ ਸਦਿ ਆਂਦਾ ਨਾਨਕ ਨੂੰ ਮੁਲਾਂ ਲਗਾ ਝਾੜੂ ਕਰਨੇ ਤਾਂ ਨਾਨਕ ਮਗ
ਨ ਹੋਇ ਗਇਆ ਜਾਂ ਨਾਨਕ ਦੇ ਨਕ ਵਿਚਿ ਪਲੀਤੇ ਸਾੜਿ ਕੇ ਲਗੇ ਦੇਵਣ ਤਾਂ
ਨਾਨਕ ਬੋਲਿਆ।

॥ਖੇਤੀ ਜਿਨ ਕੀ ਉਜੜੈ ਖਲੂ ਵਾੜੈ ਕਿਆ ਥਾਉ॥ਨਾਨਕ ਪ੍ਰਗਟਿ
ਨਾਦ ਜੀਵਿਆ ਜੋ ਲਿਖ ਲਿਖ ਦੇਹੁ ਨਾਉ॥

ਫਿਰ ਮੂਲਾ ਕਹਣਿ ਲਗਾ ਜੋ ਤੂੰ ਕਉਣ ਹੋਨਾ ਹੈਂ ਤੂੰ ਆਪਣਾ ਨਾਉ ਅਸਾਨੋ ਦਸਿ
ਤਾਂ ਨਾਨਕ ਰਾਗ ਮਾਰੂ ਵਿਚਿ ਸਬਦੁ ਬੋਲਿਆ॥

॥ਕੋਈ ਆਖੈ ਭੂਤਨਾ ਕੋ ਕਹੈ ਬਿਤਾਲਾ॥ਕੋਈ ਆਖੈ ਆਦਮੀ ਨਾਨ
ਕ ਵੇਚਾਰਾ॥੧ ॥ਭਇਆ ਦੇਵਾਨਾ ਸਾਹੁ ਕਾ ਨਾਨਕ ਬਉਰਾਨਾ। ॥
॥ਆਪਨੇ ਸਾਹਿਬ ਬਿਨ ਅਵਰ ਨ ਜਾਨਾ॥੧ ॥ਰਹਾਉ॥ ॥ਭਾਵਿ
ਦਾਨ ਜਾਣੀਐ ਜੋ ਭੈ ਦੇਵਾਨਾ ਹੋਇ॥ਸਾਹਿਬ ਏਕੀ ਬਾਹਰੀ ਦੂਜਾ ਅ
ਵਰ ਨ ਕੋਇ॥ ੨ ॥ਤਉ ਦੇਵਾਨਾ ਜਾਣੀਐ ਜਾਂ ਏਕਾ ਕਾਰ ਕਮਾਇ॥
॥ਇਕਤੁ ਸਾਹਿਬ ਬਾਹਰੀ ਦੂਜੀ ਅਵਰ ਸਿਆਣਪ ਕਾਇ॥ ੩ ॥
॥ਤਉ ਦੇਵਾਨਾ ਜਾਣੀਐ ਜਾਂ ਸਾਹਿਬ ਧਰੇ ਪਿਆਰੁ॥ਮੰਦਾ ਜਾਣੈ ਆਪ
ਕਉ ਅਵਰ ਭਲਾ ਸੰਸਾਰੁ॥ ੪ ॥

ਤਾਂ ਮੁਲਾ ਨਬਾਬ ਪਾਸਿ ਜਾਇ ਕਹਿਆ ਨਬਾਬ ਸਲਾਮਤ ਨਾਨਕ ਖਪਤੀ ਤੁ
ਨਾਹੀ ਹੂਆ ਉਸਕੇ ਤਾਈ ਕੋਈ ਅਉਲੀਆ ਮਿਲਿਆ ਹੈ ਓਹੁ ਖਬਰਦਾਰ
ਹੈ ਨਬਾਬ ਕਹਿਆ ਜੈਰਾਮੁ ਕੋ ਬੁਲਾਵੈ ਤਾਂ ਜੈਰਾਮ ਨੂੰ ਨਬਾਬ ਬੁਲਾਇਆ ਤਾਂ ਜੈ
ਰਾਮੁ ਆਇਆ ਆਇ ਸਲਾਮੁ ਕੀਤੁਸ ਤਾਂ ਨਬਾਬ ਕਹਿਆ ਆਖੁ ਜੈਰਾਮ
ਕਿਆ ਕਰੀਐ ਮੈ ਤੇ ਨਾਨਕ ਕੇ ਪੈਸੇ ਰਖਣੇ ਨਾਹੀ ਨਾਨਕ ਕਹਿਆ ਜੇ ਫਕੀ
ਰਾਂ ਕੋ ਖਲਾਵੈ ਅਰੁ ਉਸਕਾ ਸੁਸਰਾ ਉਸ ਪਰਿ ਫਿਰੀ ਆਵਦੀ ਹੈ ਹਮੋ ਜਾਨਿਆ
ਥਾ ਜੋ ਨਾਨਕ ਖਫਤੀ ਹੂਆ ਹੈ ਪਰੁ ਮੁਲਾ ਨੇ ਕਹਿਆ ਜੋ ਓਹੁ ਖਬਰਦਾਰ ਹੈ ਕ
ਹੁ ਜੋ ਤੂ ਕਹੈ ਸੋ ਕਰੀਏ ਤਾਂ ਜੈਰਾਮ ਕਹਿਆ ਜੀ ਮੈ ਨਾਨਕ ਪਾਸੇ ਬਹੁਤੁ ਡਰਦਾ ਹਾਂ
ਤਾਂ ਜੈਰਾਮ ਚੁਪ ਕਰਿ ਰਹਿਆ ਤਾਂ ਨਬਾਬ ਫਿਰਿ ਆਖਿਆ ਅਰੇ ਜੈਰਾਮ ਤੂ ਜਬਾ
ਬੁ ਕਿਉ ਨਾਹੀ ਦੇਦਾ ਤਾਂ ਜੈਰਾਮ ਕਹਿਆ ਮੈਂ ਕਿਆ ਜਬਾਬ ਦੇਉ ਤਾਂ ਨਬਾਬ ਕਹਿ
ਆ ਸੁਨ ਜੈਰਾਮ ਹਕ ਕੇ ਬਲਿ ਕਭੀ ਹੈ ਅਰੁ ਨਾਨਕ ਫਕੀਰਾਂ ਕਉ ਭੀ ਆਖਿਆ
ਹੈ ਜਿਉ ਤੂ ਕਹੈ ਤਿਵੈ ਕਰੀਐ ਤਾਂ ਜੈਰਾਮ ਕਹਿਆ ਨਬਾਬ ਸਲਾਮਤਿ ਨਾਨਕ ਭੀ
ਹਜੂਰਿ ਹੈ ਕਹੀ ਦੂਰਿ ਗਇਆ ਨਾਹੀ ਤਾਂ ਨਬਾਬ ਕਹਿਆ ਨਾਨਕ ਕੋ ਬੁਲਾਵਤੇ
ਨਾਨਕ ਕਉ ਆਦਮੀ ਬੁਲਾਵਣੇ ਗਇਆ ਤਾਂ ਨਾਨਕ ਆਵੈ ਨਾਹੀ ਅਗੋ ਨਾ
ਨਕ ਆਖਿਆ ਜੋ ਮੇਰਾ ਨਬਾਬ ਸੇ ਕਿਆ ਕਾਮੁ ਹੈ ਤਾਂ ਆਦਮੀ ਫਿਰਿ ਆਇ
ਆ ਆਇ ਨਬਾਬ ਪਾਸਿ ਆਖਣ ਲਗਾ ਜੀ ਵਹੁ ਆਵਤਾ ਨਾਹੀ ਨਬਾਬ ਦਉ
ਲਤਿ ਖਾਨ ਗੁਸਾ ਖਾਧਾ ਕਹਿਆ ਜਾਵੈ ਪਕੜਿ ਲੈ ਆਵੈ ਤਾਂ ਫਿਰਿ ਜਾਇ ਆਦ
ਮੀ ਕਹਿਆ ਏ ਨਾਨਕ ਨਬਾਬ ਬਹੁਤੁ ਗਿਲਾ ਦੇਦੂ ਭੇਆ ਹੈ ਤਾਂ ਨਾਨਕ ਉਠਿ ਖ
ਲੂ ਹੋਇਆ ਨਬਾਬ ਪਾਸਿ ਆਇਆ ਪਰੁ ਸਲਾਮ ਨ ਕੀਤੁਸ ਤਾਂ ਨਬਾਬ ਕਹਿਆ
ਅਰੇ ਨਾਨਕ ਆਵਤਾ ਕਿਉ ਨਥਾ ਤਾਂ ਨਾਨਕ ਕਹਿਆ ਸੁਣਿ ਨਬਾਬ ਜਾਂ ਚਾਕ
ਰੁ ਥਾ ਤਬਿ ਤੇਰੇ ਪਾਸ ਆਵਤਾ ਥਾ ਅਬ ਹਮ ਤੇਰੇ ਚਾਕਰ ਨਾਹੀ ਅਬ ਖੁਦ
ਇ ਕੇ ਚਾਕਰ ਹੂਏ ਹੈ ਤਾਂ ਨਬਾਬ ਕਹਿਆ ਜੀ ਜੇ ਤੁਮ ਐਸੇ ਹੂਏ ਹੋ ਤਾਂ ਤੁਮ ਜਾਇ ਹ
ਮਾਰੇ ਸਾਥ ਨਿਮਾਜ ਕਰਹੁ ਜੁਮੇ ਕਾ ਰੋਜ ਹੈ ਤਾਂ ਨਾਨਕ ਕਹਿਆ ਚਲੋ ਜੀ ਹੋਰ ਕਿ
ਤਣੇ ਲੋਕ ਗਣੀਐ ਜੇ ਜਾਇ ਜੁਮੇ ਮਸੀਤਿ ਵਿਚ ਜੁੜੇ ਆਹੇ ਤਿਤਨੇ ਆਪਣੀ
ਜਾਇਗਾ ਸਭ ਆਖਣ ਲਗੇ ਜੋ ਏਹੁ ਪਰਲੋ ਅਜੁ ਆਇਆ ਹੈ ਅਤੇ ਜਿਤਨੇ
ਮਹਾਜਨ ਲੋਕ ਹਿੰਦੂ ਆਹੇ ਸੁਲਤਾਨਪੁਰ ਵਿਚਿ ਸੇ ਸਭ ਦਿਚਿੰਤੁ ਪੈ ਗਈ
ਤਾਂ ਜੈਰਾਮ ਖਰਾ ਦਿਲਗੀਰ ਹੋਇ ਕੇ ਘਰਿ ਆਇ ਵੜਿਆ ਤਾਂ ਨਾਨਕੀ ਆਖਿ

ਆ ਅਜੁ ਮੇਰਾ ਖਾਵੰਦੁ ਖਰਾ ਦਲਗੀਰ ਹੈ ਤਾਂ ਨਾਨਕੀ ਉਠਿ ਖੜੀ ਹੋਈ ਆਖਿ
ਉਸਿ ਜੀ ਅਜੁ ਕਿਆ ਵਾਸਤਾ ਹੈ ਤੁਸੀਂ ਜੋ ਐਸੇ ਦਲਗੀਰ ਆਇ ਹੋ ਤਾਂ ਜੈਰਾ
ਮ ਕਹਿਆ ਸੁਣ ਪਰਮੇਸਰ ਕੀ ਤੇਰੇ ਭਿਰਾਉ ਨਾਨਕ ਕਿਆ ਕੀਤਾ ਹੈ ਤਾਂ ਨਾਨ
ਕੀ ਕਹਿਆ ਜੀ ਕਿਆ ਕੀਤਾ ਹੈਸੁ ਤਾਂ ਜੈਰਾਮ ਕਹਿਆ ਨਬਾਬ ਨਾਲਿ ਜੁਮੇ ਮ
ਸੀਤ ਨਿਮਾਜ ਕਰਨਿ ਗਇਆ ਹੈ ਅਤੇ ਸਾਰੇ ਸਹਰ ਵਿਚਿ ਹਿੰਦੂ ਮੁਸਲਮਾਣ
ਵਿਚ ਤੁੰਨੂ ਪਈ ਹੈ ਜੋ ਅਜ ਨਾਨਕ ਤੁਰਕ ਹੋਇਆ ਹੈ ਮੈਂ ਕਿਆ ਦਲਗੀਰ ਨਾ ਹੋ
ਵਾਂ ਜੋ ਮੈਨੂੰ ਇਹ ਤ੍ਰਾਹੀ ਸਰਮਿੰਦਗੀ ਆਇ ਲਗੀ ਹੈ ਤਾਂ ਅੱਗੋ ਨਾਨਕੀ ਕਹਿ
ਆ ਜੀ ਤੁਸੀ ਉਠਿ ਕਰਿ ਖੁਸੀ ਨਾਲ ਰਸੋਈ ਜੇਵਹੁ ਤੁਸੀ ਨਾਨਕ ਦੀ ਵਲੋ ਪੋਖਾ
ਕੋਈ ਨ ਕਰੋ ਅਚਿੰਤ ਹੋਇ ਰਹੋ ਚਿਤ ਕਿਛੁ ਨਾਹੀ ਕਰੋ ਨਾਨਕ ਜੋ ਹੈ ਸੋ ਤ੍ਰਹੇ ਦਾ
ਹਿਆ ਇਤੀ ਹੈ ਨਾਨਕ ਵਲ ਕੋਈ ਬੁਰੀ ਦ੍ਰਿਸਟ ਦੇਖ ਸਕਦਾ ਹੈ ਉਠੀ ਤੁਸੀ ਅ
ਨੰਦ ਰਸੋਈ ਜੇਵਹੁ ਤਾਂ ਜਿਤੁ ਵਖਤ ਸੋਰ ਪਾਇਆ ਆਹਾ ਅਤੇ ਤਿਤੁ ਵਖਤ ਨਿ
ਧਾ ਬਾਮਣੁ ਜੈਰਾਮ ਨਜੂਸ ਲਾਇ ਛਡਿਆ ਸੀ ਇਤਨੀ ਗਾਲਿ ਕਰਦੇ ਆਹੇ ਜੋ
ਨਿਧਾ ਬਾਮਣ ਫਿਰਿ ਆਇਆ ਆਇ ਜੈਰਾਮ ਨੂੰ ਵਧਾਈ ਦਿਤੀ ਓਸ ਤਾਂ ਨਾ
ਨਕੀ ਤੇ ਜੈਰਾਮ ਪੁਛਿਆ ਅਤੇ ਨਿਧੇ ਨੂੰ ਆਖਿਆ ਆਖਿ ਮਿਸਰ ਕਿਉ ਕਰਿ
ਹੋਇ ਨਿਬੜੀ ਤਾਂ ਨਿਧੇ ਆਖਿਆ ਜੀ ਮੈਂ ਤਾਂ ਅੰਦਰਿ ਨਾਹਾ ਪਰ ਮੈਂ ਤੁਰਕਾਂ ਦੇ ਮੁ
ਹੋ ਸੁਣਿਆ ਜੋ ਨਬਾਬ ਨਿਵਾਜ ਕੀਤੀ ਅਤੇ ਨਾਨਕ ਖੜਾ ਰਹਿਆ ਅਤੇ ਜਾਂ ਨ
ਬਾਬ ਨਿਵਾਜ ਕਰਿ ਚੁਕਾ ਤਾਂ ਨਬਾਬ ਨਾਨਕ ਨੋ ਕਹਣੇ ਲਗਾ ਅਰੇ ਨਾਨਕ ਤੂ
ਜੋ ਨਿਵਾਜ ਕਰਨੇ ਆਇਆ ਥਾ ਤੈ ਕਿਉ ਨ ਕੀਤੀ ਤਾਂ ਨਾਨਕ ਕਹਿਆ ਤੂੰ ਤਾਂ ਕੰ
ਧਾਰ ਘੋੜੇ ਖਰੀਦਣ ਗਇਆ ਥਾ ਮੈ ਨਿਵਾਜ ਕਿਸ ਸਿਉ ਕਰਤਾ ਤਾਂ ਦਉਲ
ਤ ਖਾਂ ਨੇ ਕਹਿਆ ਨਾਨਕ ਇਤਨਾ ਝੂਠ ਬੋਲਦਾ ਹੈ ਮੈਂ ਤਾਂ ਈਹਾ ਖੜਾ ਹੋਤਾ ਨਾ
ਨਕ ਕਹਿਆ ਖਾਂਨ ਜੀ ਤੇਰੀ ਦੇਹ ਈਹਾਂ ਖੜੀ ਥੀ ਅਰ ਨਿਵਾਜ ਕਰਨੇ ਵਾਲ
ਜੋ ਸਾਹੋ ਘੋੜੇ ਖਰੀਦ ਕਰਨੇ ਗਇਆ ਥਾ ਤਾਂ ਕਾਜੀ ਕਹਿਆ ਦੇਖ ਖਾਂਨ ਸਲਾ
ਮਤਿ ਹਿੰਦੂ ਇਤਨਾ ਝੂਠ ਬੋਲਦਾ ਹੈ ਤਾਂ ਨਬਾਬ ਕਹਿਆ ਕਾਜੀ ਨਾਨਕ ਸਚੁ ਕਹਿ
ਦਾ ਹੈ ਜਬ ਮੈਂ ਸਿਜਦੇ ਦੇ ਵਖਤ ਖੜਾ ਹੋਆ ਤਾ ਮੇਰਾ ਦਿਲ ਕੰਧਾਰ ਘੋੜਿਆਂ ਕੋ
ਗਇਆ ਥਾ ਫਿਰਿ ਕਾਜੀ ਚੁਗਲੀ ਕੀਤੀ ਸੁਣ ਖਾਂਨ ਜੀ ਹਮ ਤਾਂ ਨਥੇ ਗਏ ਹ
ਮ ਸੇਤੀ ਨਿਵਾਜ ਕਰਤਾ ਫਿਰਿ ਨਬਾਬ ਕਹਿਆ ਨਾਨਕ ਤੂ ਕਾਜੀ ਕੇ ਸਾਥ ਨਿ
ਵਾਜ ਕਰਤਾਂ ਫਿਰਿ ਨਾਨਕ ਕਹਿਆ ਕਾਜੀ ਤੇ ਵਛੇਰੇ ਕੋ ਸੰਭਾਲਨੇ ਗੀਆ ਥਾ

ਮਤ ਵਛੇਰਾ ਖਤੇ ਵਿਚ ਪਉਦਾ ਹੋਵੈ ਤਾਂ ਦੋਹਾਂ ਨੋ ਪਰਤੀਤ ਆਈ ਭਯਾ ਜੀ ਇ
ਉਮੇ ਸੁਣ ਕਰਿ ਆਇਆ ਹਾਂ ਤਾਂ ਨਾਨਕੀ ਸ੍ਰੇਣੀ ਜਿਸ ਜੀ ਨਾਨਕ ਰਿਸੇ ਛੇਰ
ਓ ਤਾਂ ਨਿਪੇ ਕਹਿਆ ਜਿਨ ਮਾਨ ਮੈਂਡਾ ਓਥੇ ਹੀ ਟ੍ਰੈ ਆਇਆ ਅਹਾਂ ਨੇ ਕਾਮ ਨਿ
ਧ ਨੂੰ ਲੈ ਕੇ ਨਾ ... ਓਥੇ ... ਆਇ ... ਕਹਿਆ ਜੀ ਓ
ਹ ਤਾਂ ਮਸੀਤ ਵਿਚ ... ਅੰਤੇ ਜਿਤਨੇ ਲੋਕ ਆਹੇ ਤਿਤਨੇ ਆਪਣੇ ਘਰਿ ਨੂੰ
ਉਠ ਗਏ ਓਤਾਂ ਮੈਨੂੰ ਨਦਰਿ ਨ ਆਇਆ ਤਾਂ ਨਾਨਕੀ ਕਹਿਆ ਜੀ ਤੁਸੀ ਗ
ਣਤੀ ਕਾਈ ਨ ਕਰੋ ਨਾਨਕ ਉਠੇ ਆਵਦਾ ਹੈ ਏਹਾ ਗਲਿ ਕਰਦੇ ਆਹੇ ਤਾਂ ਨਾ
ਨਕ ਜੈਰਾਮ ਦੇ ਘਰਿ ਆਇ ਵੜਿਆ ਤਾਂ ਤੁਲਸਾਂ ਲਖੀ ਹੋਰ ਕਹੀ ਬਹੁਤੀ
ਤੁਸਾਡਾ ਭਾਈ ਆਇਆ ਹੈ ਨਾਨਕੀ ਜਿਕ ਭੀ ਹਾਰ ਹੋਇ ਗਈ ਕਿਉ ਜੀ ਮੈਂ ਤਾਂ
ਆਖਦੀ ਸੀ ਜੇ ਨਾਨਕ ਭਾਵੇ ਦਾ ਹਿਆਇ ਤੀ ਹੋਗ ਨਾਨਕ ਦੇ ਦੇਖ ਕੋਈ ਨ
ਹੀ ਦੇਖ ਸਕੇ ਦਾ ਜੈਰਾਮ ਬਹੁਤ ਖੁਸੀ ਹੋਇਆ ਅਰ ਲਗਾ ਨਾਨਕ ਨੂੰ ਪੁਛ
ਣ ਭਾਈ ਨਾਨਕ ਜੀ ਕਿਉ ਕਰ ਮਜਨੂੰ ਹੋਇਆ ਅਸਾਡਾ ਬਹੁਤ ਹਉਲ ਕੀ
ਤਾ ਤੁਸੀ ਆਪਣੀ ਕਹੋ ਨਾਨਕ ਕਹਿਆ ਜੀ ਜੋ ਕਿਛੁ ਹੋਈ ਸੋ ਹੋਇ ਵਰਤੀ
ਰ ਜੈਰਾਮ ਕਹਿਆ ਅਸਾਂ ਤੇ ਕੋਈ ਪੁਛੇ ਤਾਂ ਕਿਆ ਕਹੀਐ ਲੋਕ ਦੀ
ਹੀ ਆਂਦੀ ਖਬਰ ਕਿਛੁ ਨਾਹੀ ਜੋ ਕਿਛੁ ਤੁਸਾਡੇ ਮੂਹ ਤੇ ਜਾਣੀਐ ਸੋ ਸੋਖ
ੀ ਖਬਰ ਤਾਂ ਨਾਨਕ ਕਹਿਆ ਜੀ ਜਾ ਜੀ ਦਉਲਤ ਖਾਨ ਲਗਾ ਨਿਵਾਜ ਕਰ
ਨਿ ਅਤੇ ਕਾਜੀ ਭੀ ਲਗਾ ਕਰਣਿ ਤਾਂ ਆਗੀ ਖੜੇ ਹੋਏ ਜਾ ਨਵਾਬ ਨਿਵਾਜ ਕਰਿ
ਮਕਾ ਤਾਂ ਅਸਾ ਨੇ ਲਗਾ ਆਖਣ ਅਰੇ ਨਾਨਕ ਤੂੰ ਨਿਵਾਜ ਕਰਣੇ ਆਇਆ ਥਾ
ਕੇ ਖੜਾ ਹੋਣੇ ਆਇਆ ਥਾ ਤੈਂ ਤੇ ਨਿਵਾਜ ਕੀਤੀਆ ਨਾਹੀ ਤਾਂ ਜੀ ਬਜੀ ਅਸਾਂ
ਕਹਿਆ ਮਬਾਠੇ ਕੇ ਜਿਸੀ ਸੈ ਮਨ ਉਤੇ ਅਸ ਮਨ ਘੋੜੇ ਕੰਧਾਰ ਖਰੀਦ ਕਰਿ
ਦੌਲਤਖਾਨ ਪਠਾਣ ਤਾਂ ਅਸਾ ਕਹਿਆ ਨਬਾਬ ਜੀ ਤੂੰ ਤਾਂ ਕੰਧਾਰ ਘੋੜੇ ਖਰੀ
ਦ ਕਰਨੇ ਗਇਆ ਸੀ ਅਸਾ ਨਿਵਾਜ ਕਿਸ ਨਾਲ ਕਰਹਿ ਆਗੀ ਤਾਂ ਕਾਜੀ ਕਹਿ
ਆ ਦੇਖੇ ਖਾਨ ਜੀ ਹਿੰਦੂ ਕਿਤਨਾ ਕੂੜ ਬੋਲਦਾ ਹੈ ਤਾਂ ਖਾਨ ਕਹਿਆ ਕਾਜੀ ਹਿ
ਦੂ ਸਚਾ ਹੈ ਜਿਸ ਵਖਤ ਹਮ ਨਿਵਾਜ ਕਰਨੇ ਗਏ ਥੇ ਉਸ ਵਕਤ ਹਮਾਰਾ ਏਹੀ ਖਿਆਲ
ਆਹੈ ਕੇ ਘੋੜੇ ਗਾਇਬ ਥਾ ਤਾਂ ਫਿਰ ਕਾਜੀ ਕਹਿਆ ਤੁਮ ਘੋੜਿਆ ਕੋ ਕੰਧਾ
ਰ ਗਏ ਥੇ ਤੋ ਆਪ ਤਾਂ ਕਹੀ ਨ ਗਏ ਥੇ ਆਹੇ ਸਾਥ ਨਿਵਾਜ ਕਰਤੇ ਤਾਂ ਤੂੰ ਅਸਾ
ਨੇ ਕਾਜੀ ਨੂੰ ਆਖਿਆ ਸੁਣ ਕਾਜੀ ਜਾਂ ਤੂੰ ਮਸੀਤ ਆਇਆ ਥਾ ਤੈਂ ਤੇਰਾ

ਦਿਲ ਧਰਿਸੀ ਕਿਉ ਜੋ ਤੇਰੇ ਅੰਦਰ ਇਕ ਬਾਤ ਖਟਿਆ ਖਲੂ ਸੀ ਤਾਂ ਤੇਰੇ ਸਿ
ਜਦਾ ਕੀਤੀ ਜਿਮੀ ਤੇ ਤਾਂ ਤੇਰਾ ਰੂਹ ਵਛੇਰੇ ਦੇ ਸਾਥ ਗਇਆ ਥਾ ਤਾਂ ਨਬਾਬ ਕਹਿ
ਆ ਤੁਮ ਜਾਹਿ ਕਿਆ ਕਹਿਆ ਤਾਂ ਅਸਾਂ ਨਬਾਬ ਨੂੰ ਕਹਿਆ ਕੇ ਖਾਨਜੀ ਕਾਜੀ
ਦੀ ਘੋੜੀ [illegible] ਅਤੇ ਵਛੇਰਾ ਜਣਿਆ [illegible] ਅਤੇ ਵੇਹੜੇ ਵਿਚ ਖਾਤ
ਹੈ ਤਾਂ ਕਾਜੀ ਜਿਮੀ ਪਰ ਸਿਜਦਾ ਕੀਤਾ ਹੈਸ ਅਤੇ ਰੂਹ ਕਾਜੀ ਦਾ ਵਛੇਰੇ ਦ
ਤ ਜਾਇ ਰਹਿਆ ਹੈ ਜੋ ਮਤ ਵਛੇਰਾ ਖਾਤੇ ਵਿਚ ਪਉਦਾ ਹੋਵੈ ਤਾਂ ਏਹ ਕਹਿ
ਆ ਹੈ ਖਾਨਜੀ ਤਾਂ ਦਉਲਤ ਖਾਨ ਗਇਆ ਅਰ ਕਹਣੇ ਲਗਾ ਕਹੁ ਕਾਜੀ
ਨਾਨਕ ਕਿਆ ਕਹਿਦਾ ਹੈ ਸਚੁ ਕਹੀਓ ਤਾਂ ਕਾਜੀ ਕਹਿਆ ਖਾਨਜੀ ਐਸੀ ਹੀ
ਬਾਤ ਹੈ ਤਾਂ ਨਬਾਬ ਕਹਿਆ ਕਾਜੀ ਨਾਨਕ ਕਾਮਲ ਫਕੀਰ ਹੋਇਆ ਹੈ ਅਬ
ਇਸ ਕੇ ਹਰ ਫਕੀਰੀ ਨਾਹੀ ਛਲਤਾ ਤਾਂ ਫੇਰ ਅਸਾਂ ਨੂੰ ਨਬਾਬ ਆਖਿਆ ਸੁਣ
ਨਾਨਕ ਤੇਰੇ ਪੈਸੇ ਜੋ ਹੈ ਹਮੋ ਤੇ ਰਖਣੇ ਨਾਹੀ ਤੇਰਾ ਸੁਸਰ ਫਿਰਆਦੀ ਹੂਆ
ਥਾ ਹਕ ਕਬੀਲੇ ਦਾ ਭੀ ਹੈ ਅਤੇ ਤੈ ਕਹਿਆ ਥਾ ਜੋ ਫਕੀਰਾਂ ਕੇ ਦੇਹੁ ਕਹੁ ਅਬ ਪੈ
ਸੇ ਕਿਸ ਕਉ ਦੇਉ ਤਾਂ ਅਸਾ ਨਬਾਬ ਕੋ ਕਹਿਆ ਕੇ ਮੈ ਤਾਂ ਤੁਮ ਕੋ ਕਹਿ ਚੁਕਾ ਹੌ
ਅਗੇ ਤੂੰ ਜਾਣਿ ਤਾਂ ਨਬਾਬ ਕਹਿਆ ਸੁਣ ਨਾਨਕ ਅਧੇ ਪੈਸੇ ਤੇਰੇ ਕਬੀਲੇ ਕਉ
ਦੇਤੇ ਹੈ ਅਰ ਅਧੇ ਤੂੰ ਫਕੀਰਾਂ ਕੋ ਆਪਣੇ ਹਥ ਕਰਿ ਦੇਹੁ ਤਾਂ ਅਸਾ ਕਹਿਆ
ਅਸੀ ਕਿਛੁ ਨਾਂਹੀ ਜਾਂਣਦੇ ਤੂੰ ਜਾਣ ਨਬਾਬ ਕਹਿਆ ਸੁਣਿ ਨਾਨਕ ਜਿਵੇ ਤੇਰੀ
ਰਜਾਇ ਤਾਂ ਏਹ ਗਲ ਕਰਿ ਕੈ ਅਸੀ ਚੁਪ ਕਰਿ ਆਏ ਜੀ ਜਾਂ ਜੀ ਅਗੇ ਤੁਸਾਂ ਨੂੰ
ਜੀ ਅਤੇ ਭਾਈ ਭਲੀ ਲਗੀ ਭਾਵੈ ਬੁਰੀ ਲਗੈ ਤਾਂ ਜੈਰਾਮ ਕਹਿਆ ਜੀ ਤੁਸਾਂ ਦੀ ਵਡਿਆ
ਈ ਸਪੂਰਨ ਹੋਈ ਫਿਰਿ ਨਾਨਕੀ ਆਖਿਆ ਅਜੇ ਨਾਹੀ ਪਤੀਜਦਾ ਤਾਂ ਜੈਰਾਮ
ਕਹਿਆ ਬਾਬਾ ਜੀ ਤੂੰ ਨਾਨਕ ਕੀ ਭੈਣ ਹੈ ਤੈ ਨੂੰ ਇਸ ਦਾ ਕਿਛੁ ਆਸਰਾ ਹੈ ਅ
ਤੇ ਅਸੀ ਭਰਮ ਵਿਚ ਆਹੇ ਧੰਨ ਪਰਮੇਸਰ ਹੈ ਅਤੇ ਧੰਨ ਨਾਨਕ ਹੈ ਅਤੇ ਤੂੰ ਭੀ
ਧੰਨ ਹੈ ਇਸ ਦੀ ਜੋ ਭੈਣ ਹੈਂ ਅਤੇ ਥੋੜੇ ਜੇਹੇ ਅਸੀ ਭੀ ਧੰਨ ਹੈਂ ਜੋ ਤੇਰੇ ਨਾਲ ਸੰਗ
ਹੈ ਫਿਰ ਮੂਲਾ ਆਪਣੀ ਧੀ ਨੂੰ ਛਡੇ ਨਾਹੀ ਅਰ ਚਉਦੈ ਰਾਣੀ ਭੀ ਆਈ ਅਤੇ ਬ
ਖੀਦਾਸ ਕਛੁ ਨ ਆਹਾ ਅਤੇ ਸਿਰੀ ਚੰਦ ਪਉਣਿਆ ਧਰਿਆ [illegible] ਦਾ ਆਹਾ।

।ਸਾਖੀ ਹੋਰ ਚਲੀ।

ਤਾਂ ਸੰਮਤ ੧੫੫੨ ਹੋਇਆ ਤਾਂ ਨਾਨਕ ਨਿਰੰਕਾਰ ਹੋਇਆਂ ਤਾਂ ਓਦੇ ਅ
ਤੇ ਮੂਲਾ ਆਪਣੀ ਧੀ ਨੂੰ ਛਡਦਾ ਨਾਹੀ ਅਤੇ ਨਾਨਕੀ ਤੇ ਜੈਰਾਮ ਦੇ ਦਸ ਨਾਹੀ

ਅਤੇ ਏਹ ਸਲਾਹ ਹੋਈ ਭੁਲਾਂ ਜਿਸੀ ਥਦੇ ਮੇਰੇ ਪਾਸ ਰਹੈ ਅਤੇ ਭਾਬੀ ਨੂੰ ਅਤੇ
ਲਖਮੀਦਾਸ ਨੂੰ ਭੀ ਸੀਐ ਜਾਹੇ ਵਡੇ ਰਣੀ ਜਿਉ ਭਾਈ ਨਾਨਕ ਨੂੰ ਡਿਠਾ ਤਉ ਕ
ੜਕੀ ਜਿਉ ਬਿਜਲੀ ਕੜਕਦੀ ਹੈ ਆਖਣ ਲਗੀ ਸਾਹੋ ਤੈ ਨਾਨਕ ਏਸ ਰੰਗ
ਨੇ ਹੀਆ ਕਰਦਾ ਸੋ ਜੇ ਟਬਰ ਵਧਾਇ ਕੇ ਛਡਿ ਚਲਿਓ ਤਾਂ ਨਾਨਕ ਮਾਰੂ ਰਾ
ਗਿ ਵਿਚ ਸਬਦੁ ਬੋਲਿਆ।

।ਮਾਤ ਪਿਤਾ ਮਿਲਿ ਪਿੰਡੁ ਕਮਾਇਆ। ਤਿਨ ਕਰਤੇ ਖੇਲ ਖਿਲਾਇ
ਆ। ਲਿਖੁ ਨਾਉ ਜੋਤਿ ਵਡਿਆਈ। ਮਿਲ ਮਾਇਆ ਸੁਰਤਿ ਗਵਾਈ।
।ਮੂਰਖ ਮਨ ਕਾਹੇ ਕਰਸੀ ਮਾਣਾ। ਉਠ ਚਲਸੀ ਖਸਮੈ ਭਾਣਾ।
।੧।ਰਹਾਉ। ।ਤਜਿ ਸਾਦਿ ਸਹਿਜ ਸੁਖ ਹੋਈ। ਘਰਿ ਛਡਣੇ ਰਹੇ
ਨ ਕੋਈ। ਕਿਛੁ ਖਾਜੈ ਕਿਛੁ ਧਰਿ ਜਾਈਐ। ਜੇ ਬਾਹੁੜਿ ਦੁਨੀਆ ਆਈ
ਐ। ੨ ।ਸਜੁ ਕਾਇਆ ਪਟੁ ਹਢਾਇਆ। ਫੁਰਮਾਇਸੁ ਬਹੁਤੁ ਚਲਾ
ਇਆ। ਸੇਜ ਸੁਖਾਲੀ ਸੋਵੈ। ਹਥੀ ਪਉਦੀ ਕਾਹੇ ਰੋਵੈ। ੩ ।।
।ਘਰ ਘੁੰਮਣ ਵਾਣੀ ਭਾਈ। ਪਾਪ ਪਥਰ ਤਰਿਆ ਨ ਜਾਈ। ਭਉ ਬੇ
ੜਾ ਜੀਉ ਚੜਾਉ। ਕਹੁ ਨਾਨਕ ਦੇਵੈ ਕਾਹੂ। ੪ ।। ।।੮।। ।।

ਫਿਰ ਕਿਤਨਿਆ ਕੁ ਦਿਨਾ ਕੇ ਪਿਛਲ ਦੇਵੀਆਹੁ ਮਰਦਾਨੇ ਨੂੰ ਕਾਲੂ ਖਬਰ ਲੈਣੇ ਨੂੰ
ਭੇਜਿਆ ਸੀ ਜੋ ਜਾਹੁ ਨਾਨਕ ਦੀ ਖਬਰ ਲੈ ਆਉ ਮੈਂ ਉਸ ਜੇਹੀ ਗਲਿ ਸੁਣੀ ਹੈ
ਜੋ ਨਾਨਕ ਫਕੀਰ ਹੋਇਆ ਹੈ ਤਾਂ ਮਰਦਾਨਾ ਸੁਲਤਾਨਪੁਰਿ ਆਇਆ ਮਰਦਾਨਾ
ਦੇਖੇ ਤਾਂ ਕਿਆ ਦੇਖੇ ਜੋ ਨਾਨਕ ਤਪਾ ਹੋਇ ਬੈਠਾ ਹੈ ਤਾਂ ਮਰਦਾਨਾ ਆਇਆ ਨਾ
ਨਕ ਪਾਸਹੁ ਖਬਰ ਲੀਤੀ ਲਗਾ ਪੁਛਣ ਰਜਾਦੀ ਜੀ ਇਹ ਕਿਆ ਹੋਆ ਮਹ
ਤੇ ਕਾਲੂ ਮੈਨੂੰ ਖਬਰ ਨੂੰ ਭੇਜਿਆ ਆਹਾ ਤਾਂ ਨਾਨਕ ਕਹਿਆ ਭਾਈ ਮਰਦਾਨਾ
ਏਹੋ ਜੇਹੀ ਖਬਰ ਸੋ ਦੇਖਦਾ ਹੈ ਅਤੇ ਹੋਰ ਕਾਈ ਖਬਰ ਲੈਨਾ ਹੈ ਤਾਂ ਭਾਈ ਨਾਨਕ
ਜੀ ਪਾਸੋ ਜਾਇ ਲੈ ਜੇ ਕੋਈ ਜਬਾਬ ਦੇਵੀਗਾ ਸੋ ਲੈ ਜਾਵੇ। ।।੮।। ।।

।ਸਾਖੀ ਹੋਰ ਚਲੀ।

ਮਰਦਾਨਾ ਆਇ ਨਾਨਕ ਨੂੰ ਮਿਲਿਆ ਆਖਿਉਸ ਨਾਨਕ ਜੀ ਜਾਹਿ ਕਿਆ
ਕੀਤੋ ਚੰਗੇ ਭਲੇ ਛਡਿ ਕੇ ਅਗੋਂ ਛ ਸਿਰ ਬੀਪਉ ਤਾਂ ਨਾਨਕ ਬੋਲਿਆ ਮਰਦਾ
ਨਾ ਅਸਾ ਤੈਨੂੰ ਤਾਰਦਾ ਗੁਣ ਦਿਠਾ ਸੀ ਸੋ ਅਜ ਦੇ ਦਿਨ ਨੂੰ ਅਸੀ ਤੁਧਨੇ ਉਗੀ
ਕਰੇਸੇ ਤਾਂ ਮਰਦਾਨੇ ਕਹਿਆ ਕਹੁ ਜੀ ਮੈਨੂੰ ਆਖ ਨਾਨਕ ਆਖਿਆ ਚਲਆ

ਸਾਥੇ ਨਾਲਿ ਤਾਂ ਮਰਦਾਨੇ ਆਖਿਆ ਕਿ ਪੀਰ ਜੀ ਤਾਂ ਨਾਨਕ ਆਖਿਆ ਜਿ ਪਰਮੇਸ਼
ਰ ਤਾਰ ਲੈ ਜਾਂਦੈ ਤਾਂ ਮਰਦਾਨੇ ਆਖਿਆ ਨਾਨਕ ਜੀ ਮੈਨੂੰ ਤਾਂ ਮਸਤੇ ਕਾਲੂ ਖਬਰ
ਨੂੰ ਕੋਹਿਆ ਆਹਾ ਅਤੇ ਜੀਆ ਬੀਬੀ ਉਨ੍ਹਾਂ ਰੋਵਣ ਦੇ ਖਦੇ ਹੋ ਸਾਨੇ ਤੂੰ ਜੀ ਆਖ
[illegible] ਨਾਲਿ [illegible] ਮੈਂ [illegible] ਤਾਂ ਨਾਨਕ ਆਖਿਆ [illegible] ਮਰਦਾਨਿਆ
[illegible] ਤੂੰ ਪੀਰ ਜੀ [illegible] ਤਾਂ ਜਾਹਿ [illegible] ਤਾਂ ਮਰਦਾ
ਨੇ [illegible] ਮੈਨੂੰ [illegible] ਆਖਿਆ ਹੋਇਆ [illegible] ਕਿਥੇ ਜਾਣਾ [illegible] ਮੈਨੂੰ ਸੈਸਾ
[illegible] ਨਹੀ ਨਦਰਿ ਆਂਵਦਾ ਤਾਂ ਨਾਨਕ ਆਖਿਆ ਮਰਦਾਨਿਆ ਤਾਰ ਵ
ਜਾਇ ਤਾਂ ਮਰਦਾਨੇ ਆਖਿਆ ਜੀ ਮੈਂ ਤਾਂ ਤਾਰ ਕਦੇ ਨਾਹੀ ਵਜਾਈ ਤਾਂ ਨਾਨਕ ਆ
ਖਿਆ ਅਸਾਂ ਜੋ ਤੈਨੂੰ ਤਾਰ ਦਾ ਗੁਣ ਦਿਤਾ ਜੀ ਸੋ ਕਿਥੇ ਪਾਤਿਓ ਤਾਂ ਮਰਦਾਨੇ ਆ
ਖਿਆ ਜੀ ਮੈਂ ਤਾਂ ਵੇਚ ਖਾਧਾ ਨਾਹੀ ਜਿਥੇ ਰਖਿਆ ਹੈ ਤਿਥਾਊਂ ਪਾਇਆ ਹੋਗੁ ਨਾ
ਨਕ ਕਹਿਆ ਵਜਾਇ ਮਰਦਾਨਾ ਮਰਦਾਨੇ ਪਾਸਿ ਰਬਾਬ ਨਥਾ ਤਾਂ ਮਰਦਾਨੇ
ਹੁਕਮ ਮੰਨਿਆ ਮਰਦਾਨਾ ਸਹਰ ਵਿਚਿ ਆਇਆ ਆਇ ਕਰਿ ਕੋਈ ਵਡੀ
ਲਗਾਏ ਲਗਣ ਦੇਖੇ ਤਾਂ ਇਕ ਕੁਮੇਟਾ ਇਕੁ ਪਠਾਣ ਅਗੈ ਬੈਠ ਗਾਂਵਦਾ ਆਹਾ
ਅਤੇ ਮੋਢੇ ਨਾਲਿ ਰਬਾਬ ਰਖ ਵਜਾਇਦਾ ਹੈ ਮਰਦਾਨੇ ਉਸਨੂੰ ਆਇ ਸਲਾਮ ਤਿ
ਕੀਤਾ ਤਿਸ ਨੂੰ ਪਠਾਣ ਉਠ ਖੜਾ ਹੋਆ ਤਾਂ ਮਰਦਾਨੇ ਉਸਨੂੰ ਆਖਿਆ ਕਲ
ਜੁਗੀ ਮਿਰਾਸੀਆ ਇਕ ਬੰਦਾ ਖੁਦਾਇ ਦਾ ਤੈਨੂੰ ਸਦਦਾ ਹੈ ਓਹ ਮਿਰਾਸੀ ਉਠ ਖੜਾ
ਹੋਇਆ ਕਹਿ ਫਿਰ ਲਗਾ ਪੁਛਣ ਤੂੰ ਭਾਈ ਕੇਹੜਾ ਮਿਰਾਸੀ ਹੋਂਦਾ ਹੈ ਤਾਂ ਮਰਦਾਨੇ ਕਹਿਆ
ਜੀ ਮਿਰਾਸੀ ਹੋਂਦਾ ਹਾਂ ਫਿਰ ਉਸ ਪੁਛਿਆ ਤੂੰ ਕਿਥੇ ਹੈਂ ਤੇਰਾ ਨਾਉਂ ਕਿਆ ਹੈ ਤਾਂ ਮਰ
ਦਾਨੇ ਆਖਿਆ ਮੇਰਾ ਨਾਉ ਮਰਦਾਨਾ ਹੈ ਅਤੇ ਵਤਨ ਗਾਇ ਭੋਇ ਦੀ ਤਿਲਵੰਡੀ ਹੈ
ਤਾਂ ਮਰਦਾਨਾ ਉਸਨੂੰ ਨਾਲਿ ਲੈ ਕਰਿ ਨਾਨਕ ਪਾਸਿ ਲੈ ਆਇਆ ਉਸਨੂੰ ਆਖਿਓਸੁ
ਭਾਈ ਤੂੰ ਤਾਰ ਵਜਾਇ ਤਾਂ ਗੁਰੂ ਨਾਨਕ ਦੀ ਸਮਾਧਿ ਲਗੀ ਆਹੀ ਜਾਂ ਉਸ ਕੁਮੇਟ
ਤਾਰ ਵਜਾਈ ਤਉ ਨਾਨਕ ਅਖੀ ਖੋਲੀਆਂ ਆਖਿਓਸ ਅਵੇ ਮਰਦਾਨਾ ਤੂੰ ਵਜਾ
ਇ ਤਾਂ ਮਰਦਾਨੇ ਹੁਕਮ ਮੰਨਿਆ ਮਰਦਾਨਾ ਵਜਾਇ ਨਾਹ ਜਾਣਦਾ ਮਰਦਾਨਾ
ਲਗਾ ਵਜਾਵਣ ਮਰਦਾਨੇ ਅਜੇਹੀ ਤਾਰ ਵਜਾਈ ਜੋ ਜੇਤੇ ਕਾਲਦੇ ਮਿਰਗ ਬਿਨਾਂ ਖੇ
ਇਕੇ ਢਹਿ ਪਏ ਗੁਰੂ ਨਾਨਕ ਨੂੰ ਬਹੁਤ ਰੀਸ ਆਈਆ ਅਤੇ ਮਰਦਾਨਾ ਆਪਣੇ ਜੀ
ਆਵਦਿ ਬਹੁਤ ਰਾਜੀ ਹੋਆ ਜਾਣੇ ਜੋ ਮੈਂ ਤਾਂ ਵਜਾਇ ਨਾਹ ਜਾਣਦਾ ਮੈਨੂੰ ਅਸਚਰ
ਜ ਹੋਂਦਾ ਹੋਈ ਅਤੇ ਓਹ ਵਾਜੀ ਹੈਰਾਨ ਹੋਇ ਗਇਆ ਅਤੇ ਆਖਿਓਸ ਮੈਂ ਵੇ

ਵਡੇ ਵਾਦੀ ਤਿਨੋ ਆਹੇ ਪਰ ਏਹੁ ਗੁਣ ਕਿਸੇ ਵਿਚਿ ਨਾਹਾ ਤਿਨਾ ਫੇਰਿ ਗੁਰੂ ਨਾਨਕ
ਕਹਿਆ ਕਿਉ ਮਰਦਾਨਿਆ ਤਾਂ ਮਰਦਾਨੇ ਉਠਿ ਕਰਿ ਸਲਾਮੁ ਕੀਤਾ ਜੀ ਮੈ ਤੈਨੂੰ ਖੁਦਾ
ਇਆ ਲੋਗੀ ਜਾਣਦਾ ਤਾਂ ਜੈਤੂੰ ਫੁਰਮਾਏ ਸੋ ਹਛਿ ਕਰਾਂ ਤਾਂ ਗੁਰੂ ਨਾਨਕ ਆਖਿਆ
ਮਰਦਾਨਾ ਰਬਾਬੁ ਵਜਾਉ ਜੀ ਤੈ ਅਤੇ [illegible] ਹੋਤੇ ਜੋ ਸੋਭ ਫਿਕਾਰ
ਹੋਤੇ ਤਾਂ ਮਰਦਾਨੇ ਆਖਿਆ ਜੀ ਰਬਾਬੁ ਮਿਲੈ ਤਾਂ ਗੁਰੂ ਨਾਨਕ ਆਖਿਆ ਮਰਦ
ਨਾ ਸੁਆਲੁ ਕਰਨ ਭਲਾ ਨਾਹੀ ਪਰ ਜਰੂਰ ਕਰਣਾ ਹੈ ਪਰ ਜਾਇਕੇ ਬੇਬੇ ਜੀ
ਪਾਸਿ ਆਖੁ ਜੋ ਬੇਬੇ ਜੀ ਨਾਨਕ ਤੇਰੇ ਵੀਰ ਇਕੁ ਸੁਆਲੁ ਕੀਤਾ ਜੇ ਮੰਨੇ ਤਾਂ ਆਖੀ
ਐ ਅਤੇ ਨ ਮੰਨੇ ਤਾਂ ਨਾਹੀ ਆਖਦਾ ਜੇ ਮੰਨਿਉ ਸਤਾਂ ਆਖੇ ਜੋ ਹਿਕ ਰਬਾਬ ਲੈ
ਦੇਇ ਤਾਂ ਮਰਦਾਨਾ ਉਠਿ ਖੜਾ ਹੋਇਆ ਤਾਂ ਉਸ ਰਬਾਬੀ ਕਹਿਆ ਏਹੁ ਰਬਾਬੁ ਤ
ਯਾਰ ਹੈ ਫੇਰ ਗੁਰੂ ਨਾਨਕ ਕਹਿ ਭਾਈ ਵਾਦੀਆ ਅਸਾਨੂੰ ਪਹੁਚਿਆ ਤਉ ਵਿਚ
ਪਰ ਏਹ ਅਸਾਡੇ ਕੰਮ ਦਾ ਨਾਹੀ ਤਾਂ ਮਰਦਾਨਾ ਜਾਇ ਨਾਨਕੀ ਪਾਸਿ ਖੜਾ ਹੋਆ
ਤਾਂ ਨਾਨਕੀ ਪੁਛਿਆ ਕਿਉ ਭਾਈ ਮਰਦਾਨਾ ਤਾਂ ਮਰਦਾਨੇ ਆਖਿਆ ਰਜਾ ਦੀ ਜੀ
ਮੈਨੂੰ ਨਾਨਕ ਜੀ ਤੁਸਾਡੇ ਪਾਸਿ ਭੇਜਿਆ ਹੈਗਾ ਤਾਂ ਮਰਦਾਨੇ ਆਖਿਆ ਜੀ ਹਿਕ
ਸੁਆਲੁ ਕੀਤਾ ਹੈਸੁ ਆਖਿਆ ਹੈਸੁ ਮੰਨੇ ਤਾਂ ਆਖਾ ਨਾਹੀ ਤਾਂ ਨ ਆਖਾ ਤਾਂ ਨਾਨ
ਕੀ ਆਖਿਆ ਆਖੁ ਭਾਈ ਮਰਦਾਨਾ ਨਿਸੰਗੁ ਆਖਿ ਮਰਦਾਨੇ ਆਖਿਆ ਜੀ
ਹਿਕ ਰਬਾਬੁ ਜਿਤਨੈ ਤੇ ਮਿਲੈ ਤਿਤਨੇ ਲੈ ਦੇਇ ਨਾਨਕੀ ਆਖਿਆ ਹਿਕ ਕੇਹਾ ਜੇ
ਆਖੇ ਤਾਂ ਸਉ ਪਰ ਮੈਨੂੰ ਮੁਖੁ ਦਿਖਲਾ ਜਾਵਉ ਫਿਰ ਮਰਦਾਨੇ ਆਖਿਆ ਗੁਰੂ
ਨਾਨਕ ਨੂੰ ਆਇਕੇ ਜੀ ਬੇਬੇ ਜੀ ਆਖਦੀ ਹੈ ਹਿਕ ਕਿਆ ਸਉ ਆਖੇ ਤ ਸਉ ਲੈ
ਦੇਵਾ ਪਰ ਮੈਨੂੰ ਆਪਣਾ ਮੁਖੁ ਦਿਖਲਾਇ ਜਾਵੈ ਤਾਂ ਗੁਰੂ ਨਾਨਕ ਆਖਿਆ ਚਲਿ
ਭਾਈ ਮਰਦਾਨਿਆ ਅਸਾ ਬੇਬੇ ਨਾਨਕੀ ਦਾ ਆਖਿਆ ਮੋੜਿਆ ਜਾਂਦਾ ਨਾਹੀ ਨਾਨ
ਕੀ ਅਸਾਡੇ ਪਿਛਲੇ ਜਨਮ ਭੀ ਭੈਣਿ ਆਹੀ ਅਤੇ ਖੂਬੁ ਭੀ ਅਸਾਡੀ ਸੇਵ ਬਹੁ
ਤ ਕੀਤੀ ਆਹੀ ਚਲੁ ਭਾਈ ਮਰਦਾਨਾ ਬੇਬੇ ਪਾਸਿ ਜਾਈਐ ਤਾਂ ਗੁਰੂ ਨਾਨਕ ਅ
ਤੇ ਮਰਦਾਨਾ ਰਬਾਬੀ ਬੇਬੇ ਨਾਨਕੀ ਪਾਸਿ ਆਏ ਅਗੋ ਨਾਨਕੀ ਪੀੜ੍ਹਾ ਵਿਛਾਇ ਦਿ
ਤਾ ਅਤੇ ਮਰਦਾਨੇ ਨੂੰ ਪੀੜ੍ਹੀ ਪਾਇ ਦਿਤੀ ਦੋਵੈ ਬੈਠ ਬੈਠਿਕੇ ਆਖਿਆ ਬੇਬੇ ਜੀ ਕਿ
ਛੁ ਆਖੀਐ ਤਾਂ ਨਾਨਕੀ ਕਹਿਆ ਭਾਈ ਜੀ ਜੇ ਤੁਸੀ ਮੂੰਹੋ ਆਖੋ ਸੋ ਮੈਨੂੰ ਕਬੂਲ
ਹੈ ਪਰ ਕਹਿਆ ਸਾਡਾ ਆਖਿਆ ਮੰਨੋ ਅਗੋ ਨਾਨਕ ਕਹਿਆ ਭਲਾ ਬੇਬੇ
ਜੀ ਆਖੋ ਨਾਨਕੀ ਆਖਿਆ ਭਾਈ ਜੀ ਤੁਸੀ ਫੁਰਮਾਇਸ ਕਰਹੁ ਅਤੇ ਤੁਸੀ ਮੇ

ਤੇ ਪਾਸ ਹੀ ਰਹੇ ਤਾਂ ਗੁਰੂ ਨਾਨਕ ਆਖਿਆ ਬੇਬੇ ਜੀ ਅਸੀ ਤੁਸਾਂ ਨੂੰ ਪਾਸ ਹੀ ਹਾਂ
ਜੇਤੁ ਵੇਲੇ ਤੁਸੀ ਯਾਦ ਕਰੋਗੇ ਤਿਤੁ ਵੇਲੇ ਹਾਜਰ ਹਾਂ ਤਾਂ ਫੇਰਿ ਨਾਨਕੀ ਆਖਿਆ ਭਾਈ
ਮਰਦਾਨਾ ਤੁਸੀ ਤਿਆਰ ਹੋ ਜਾਵੋਗੇ ਜੋ ਕਿਛੁ ਮੁਲਕ ਜਾਗੇ ਸੋ ਪੇਟ ਪਾਇ ਲੈ ਜਾਵੈ ਤਾਂ ਅ
ਗੋਂ ਗੁਰੂ ਨਾਨਕ ਨੂੰ ਪਹਿਨਾਇਆ ਜੀ ਕੋਈ ਜਿਨਸੁ ਦੇਵੈ ਤਾਂ ਗੁਰੂ ਨਾਨਕ ਕਹਿਆ ਮਰ
ਦਾਨਾ ਪੁਛੁ ਬੇਬੇ ਜੀ ਪਾਸੋ ਜੋ ਕੋ ਮੁਲਕ ਦਾ ਆਪਣੇ ਤੋਹਿ ਜੋਗ ਲੈ ਤਾਂ ਨਾਨਕੀ ਆਖਿਆ
ਭਾਈ ਮਰਦਾਨਾ ਜੋ ਤੇਰੀ ਖੁਸੀ ਆਵੈ ਸੋ ਤੂ ਲੈ ਤਾਂ ਨਾਨਕੀ ਆਖਿਆ ਭਾਈ ਮ
ਰਦਾਨਾ ਗੋਸਈ ਜੇ ਦੇਕ ਰਹਿ ਜਾਇ ਅਤੇ ਬਾਲੇ ਸੰਧੂ ਨੂ ਸਦ ਲੈ ਆਉ ਤਾਂ ਮਰਦਾਨਾ
ਗਇਆ ਬਾਲੇ ਨੂੰ ਸਦਣ ਜਾਇ ਮਰਦਾਨੇ ਬਾਲੇ ਨੂੰ ਆਖਿਆ ਜਿਸਆਂ ਤੈਨੂੰ
ਨਾਨਕ ਅਤੇ ਬੇਬੇ ਨਾਨਕੀ ਸਦਦੀ ਹੈ ਤਾਂ ਬਾਲੇ ਕਹਿਆ ਕਿਉ ਭਾਈ ਮਰਦਾਨਾ
ਮਰਦਾਨੇ ਆਖਿਆ ਭਾਈ ਗੋਸਈ ਕੀਤੀ ਹੈਸੁ ਗੁਰੂ ਨਾਨਕ ਨੂੰ ਅਤੇ ਤੈਨੂੰ ਅਤੇ ਮੈ
ਨੂੰ ਸਦਿਆ ਹੈਸਿ ਤਾਂ ਬਾਲੇ ਆਖਿਆ ਸੁਣ ਮਰਦਾਨਾ ਮੈ ਤਾ ਚਲਿਆ ਸੀ ਘ
ਰ ਪਰਤੂ ਜੋ ਆਇਓਸੁ ਹੁਣਿ ਤਾਂ ਜਾਂਦਾ ਨਾਂਹੀ ਚਲੁ ਤਾਂ ਮਰਦਾਨੇ ਬਾਲੇ ਸੰਧੂ ਨੂੰ
ਲੈ ਆਇਆ ਅਗੋ ਗੁਰੂ ਨਾਨਕ ਕਹਿਆ ਆਉ ਭਾਈ ਬਾਲਿਆ ਉਦਾਹ ਪੈ
ਰਹੇ ਹੋ ਪਇਆ ਗੁਰੂ ਨਾਨਕ ਕਹਿਆ ਭਾਈ ਬਾਲਾ ਕਰਤਾਰ ਚਿਤ ਆਵੈ
ਤਾਂ ਪ੍ਰਸਾਦਿ ਤੇਰਾ ਜੇਵਿਆਂ ਤਾਂ ਬਾਲੇ ਵਿਦਾ ਮੰਗੀ ਗੁਰੂ ਜੀ ਅਸੀ ਘਰਾਂ ਨੂੰ ਜਾਵ
ਜਾਂ ਅਸਾਂ ਨੂੰ ਖੁਸੀ ਹੋਵੈ ਤਾਂ ਗੁਰੂ ਨਾਨਕ ਆਖਿਆ ਕਿਉ ਭਾਈ ਬਾਲਿਆ ਅ
ਸਾਂ ਤੇ ਰੰਜ ਹੋਇ ਹੋ ਤਾਂ ਬਾਲੇ ਆਖਿਆ ਗੁਰੂ ਜੀ ਅਸਾਂ ਨੂ ਕਿਆ ਖਿਨੁ ਹੈ ਜੋ
ਅਸੀ ਤੁਸਾਂ ਉਪਰਿ ਰੰਜ ਹੋਵੀਐ ਅਸੀ ਤੁਸਾਂ ਪਾਸੋ ਕਿਛੁ ਮੰਗਿਆ ਲੋੜਦੇ
ਆਹੇ ਤਾਂ ਗੁਰੂ ਨਾਨਕ ਆਖਿਆ ਮੰਗੁ ਭਾਈ ਬਾਲਾ ਜੋ ਮੰਗੇ ਸੋ ਕਰਤਾਰ ਪਾ
ਸੋ ਦੇਵਾਈਐ ਤਾਂ ਬਾਲੇ ਆਖਿਆ ਜੀ ਮੈ ਏਹੋ ਮੰਗਦਾ ਹਾਂ ਜੋ ਕਰਤਾਰ ਚਿਤ
ਆਵੈ ਤੇਰੀ ਚਾਲੀ ਦੇਖ ਕਰਿ ਜੀਉ ਡਰਮੇ ਨਾਹੀ ਸੰਸਾਰ ਕੋਈ ਕੁਰਾਹ ਆਖ
ਦਾ ਹੈ ਕੋਈ ਕੁਰਾਹ ਆਖਦਾ ਹੈ ਤਾਂ ਗੁਰੂ ਨਾਨਕ ਕਹਿਆ ਭਾਈ ਬਾਲਾ ਤੂੰ ਹੈ ਕ
ਰਤਾਰ ਅਗੈ ਬਹੁ ਰਖੇਗਾ ਸੰਸਾਰ ਪਿਆ ਝਖ ਮਾਰੈ ਸੰਸਾਰ ਸਗਵੀਨਿ
ਆਂਈ ਤਉ ਕਦਾ ਹੈ ਤਾਂ ਬਾਲਾ ਵਿਦਾ ਕਰਿ ਘਰਾਂ ਨੂੰ ਗਇਆ ਨਾਨਕ ਕਾਲੂ
ਅਤੇ ਮਾਤਾ ਬੀਬੀ ਨੂੰ ਪੁਛੁ ਸਨੇਹੇ ਦਿਤੇ ਭਾਈ ਬਾਲਾ ਲੈ ਗਇਆ ਮਰਦ
ਨੇ ਨੂੰ ਗੁਰੂ ਨਾਨਕ ਰਬਾਬੁ ਨੂੰ ਭੇਜਿਆ ਤਾਂ ਨਾਨਕੀ ਆਖਿਆ ਭਾਈ ਮਰਦ
ਨੇ ਮਿਲੈ ਹਛਾ ਖੁਸੁ ਕਰਿ ਲੈ ਆਂਵੈ ਤਾਂ ਮਰਦਾਨੇ ਉਠ ਤਜੀਮ ਕੀ

ਤੀ ਅਤੇ ਗੁਰੂ ਨਾਨਕ ਬਹੁਤ ਖੁਸੀ ਹੋਇਆ ਤਾਂ ਮਰਦਾਨਾ ਲਗਾ ਟੋਲਣ ਮਿ
ਰਾਸੀਆਂ ਦੇ ਘਰਿ ਜਿਥੇ ਜਾਇ ਤਿਥੇ ਕੋਈ ਮਿਰਾਸੀ ਹੋਇ ਅਤੇ ਆਖਨਿ
ਆਇ ਆਈ ਰੁਰਹੀਆਂ ਦਾ ਤੂੰਮ ਮਰਦਾਨੇ ਨੂੰ ਕੋਈ ਆਦਰੁ ਦੇਵੈ ਨਾਹੀ ਕਿ
ਤਨੇ ਦਿਨ ਮਰਦਾਨਾ ਫਿਰਦਾ ਫੇਰ ਮਰਦਾਨਾ ਗੁਰੂ ਨਾਨਕ ਪਾਸ ਆਇਆ ਗੁ
ਰੂ ਨਾਨਕ ਮਰਦਾਨੇ ਨੂੰ ਪੁਛਿਆ ਕਿਉ ਭਾਈ ਮਰਦਾਨਾ ਮਰਦਾਨੇ ਆਖਿਆ ਜੀ ਤੈ
ਨੂੰ ਸਭ ਕਿਛੁ ਮਲੂਮ ਹੈ ਫਿਰਿ ਗੁਰੂ ਨਾਨਕ ਆਖਿਆ ਮਰਦਾਨਿਆਂ ਨਿਸੰਗੁ
ਆਖੁ ਤਾਂ ਮਰਦਾਨੇ ਆਖਿਆ ਜੀ ਨਿਸੰਗੁ ਆਖਣਦੀ ਗਲੁ ਨਾਹੀ ਤਾਂ ਗੁਰੂ ਨਾ
ਨਕ ਰੰਗ ਵਿਚ ਆਇਆ ਆਖਿਓਸੁ ਅਵੇ ਮਰਦਾਨਾ ਨਿਸੰਗੁ ਆਖੁ ਤਾਂ ਮਰ
ਦਾਨੇ ਕਹਿਆ ਕੰਮ ਕਰਿ ਆਖਿਓਸੁ ਜੀ ਸੰਸਾਰ ਆਖਦਾ ਹੈ ਆਇਆ ਹੀ ਕੁ
ਰਾਹੀਆਂ ਦਾ ਤੂੰਮ ਆਰਿ ਗਲਾਂ ਹੋਦੀਆਂ ਨੀ ਅਤੇ ਤੂੰ ਮੈ ਕੋਈ ਆਦਰੁ ਦੇਂਦਾ ਨਾ
ਹੀ ਅਤੇ ਤੁਸਾਂ ਆਖਿਆ ਜੇ ਕੋਈ ਰਾਗਸਿਆ ਹੋਵਾ ਲੈ ਆਉ ਤਾਂ ਗੁਰੂ ਨਾਨਕ
ਆਖਿਆ ਮਰਦਾਨਾ ਏਹ ਸੰਸਾਰ ਈਵੈ ਸੁਖਿ ਮਾਰਦਾ ਆਇਆ ਹੈ ਸੰਸਾ
ਰ ਤੁਸਿ ਪਾਇ ਕੇ ਆਪੇ ਤੇਰੇ ਵਲਿ ਆਵੈਗਾ ਤੂੰ ਰਬਾਬ ਕੋਈ ਟੋਲਿ ਲੈ ਆਉ ਤਾਂ ਮ
ਰਦਾਨੇ ਆਖਿਆ ਜੀ ਕੋਈ ਮਿਰਾਸੀ ਮੈਨੂੰ ਆਦਰੁ ਦੇਂਦਾ ਨਾਹੀ ਤਾਂ ਗੁਰੂ ਨਾਨ
ਆਖਿਆ ਮਰਦਾਨਿਆ ਮੇਰਾ ਆਖਿਆ ਮੰਨਿ ਤਾਂ ਮਰਦਾਨੇ ਆਖਿਆ ਜੀ
ਕਛੁ ਆਖੋ ਤਾਂ ਗੁਰੂ ਨਾਨਕ ਆਖਿਆ ਮਰਦਾਨਿਆ ਜੈ ਗਲ ਦੇ ਅੰਦੂ ਰਾਗ ਰਾ
ਤੇ ਜਦਦਾ ਹੈ ਦੋਹਾ ਨਦੀਆਂ ਦੇ ਵਿਚਿ ਫਿਰਉਦਾ ਨਾਉ ਅਬਰ ਪੁਰ ਹੈ ਉਸ ਵਿ
ਚਿ ਇਕ ਰਬਾਬੀ ਰਹਿੰਦਾ ਹੈ ਈ ਨਾਉ ਉਸਦਾ ਫਿਰੰਦਾ ਹਿਦੂ ਸਦਦੇ ਹੈਨ ਅਤੇ ਨ
ਲੇ ਫਰੂਭੀ ਸਦੀਦਾ ਹੈ ਤੂ ਉਸ ਪਾਸਿ ਜਾਇ ਮੰਗ ਜੇਕਰ ਦੇਵੈ ਤਾਂ ਅਸਾਂਨੂੰ ਲਾਦੇ
ਸਈ ਤਾਂ ਮਰਦਾਨੇ ਕਹਿਆ ਭਲਾ ਜੀ ਤਾਂ ਮਰਦਾਨੇ ਆਖਿਆ ਭਲਾ ਜੀ ਕੁਛ
ਮਲਤੀ ਪਲੈ ਹੋਵੈ ਤਾਂ ਗੁਰੂ ਨਾਨਕ ਕਹਿਆ ਜਾਇ ਮਰਦਾਨੇ ਜੋ ਕਿਛੁ ਮਲ ਲ
ਗੀਦਾ ਹੈ ਸੋ ਬੇਬੇ ਨਾਨਕੀ ਜੀ ਪਾਸੋ ਲੈ ਜਾਇ ਤਾਂ ਮਰਦਾਨਾ ਬੇਬੇ ਨਾਨਕੀ ਪਾਸਿ
ਆਇਆ ਤਾਂ ਮਰਦਾਨੇ ਕਹਿਆ ਬੇਬੇ ਜੀ ਜਿਤਨ ਸਹੁਰਸੀ ਮੈ ਸੋਈ ਟੋਲ ਥਕ
ਮੈਨੂ ਘਥਿਨ ਆਇਆ ਹੁਣਿ ਤੂੰ ਭੇਜਦਾ ਹੈ ਮੁਲ ਵਾਸਤੇ ਤੇਰੇ ਪਾਸ ਆਇ
ਆ ਹਾਂ ਤਾਂ ਨਾਨਕੀ ਆਖਿਆ ਭੁਲ ਭਾਈ ਜੀ ਕਛੁ ਆਖੋ ਸੁਰੇਦ ਮਰਦਾਨੇ
ਕਹਿਆ ਬੇਬੇ ਜੀ ਸਤ ਰੁਪਏ ਦੇਵੈ ਨਾਨਕੀ ਸਤ ਰੁਪਏ ਦੇਵੈ ਨਾਨਕੀ ਸਤ ਰੁਪ
ਏ ਅੰਦਰੋ ਕਢ ਮਰਦਾਨੇ ਦੇ ਹਥ ਦਿਤੇ ਤਾਂ ਮਰਦਾਨਾ ਗੁਰੂ ਨਾਨਕ ਪਾਸਿ ਆ

ਇਆ ਤਾਂ ਗੁਰੂ ਨਾਨਕ ਕਹਿਆ ਕਿਉ ਭਾਈ ਮਰਦਾਨਾ ਮੂਲ ਅਦਾਈਂ ਹੀ ਤਾਂ ਜਾ
ਇ ਤਾਂ ਮਰਦਾਨਾ ਵਚਨ ਮੰਨਕੇ ਉਥੋ ਟੁਰਿਆ ਥੋੜ੍ਹੇ ਦਿਨਾ ਵਿਚਿ ਮਰਦਾਨਾ ਉਥੋ
ਆਇਆ ਜਾਇ ਕਰ ਲਗਾ ਟੋਲਣੇ ਜੋ ਭਾਈ ਇਥੇ ਫਿਰਦਾ ਅਤੇ ਫੇਰੂ ਰਬਾਬੀ
ਕਿਥੇ ਰਹਦਾ ਹੈ ਅਗੋ ਕੋਈ ਦਸੇ ਨਾਹੀ ਦੁਇ ਦਿਨ ਮਰਦਾਨਾ ਢੂੰਡਦਾ ਰਹਿਆ
ਤਾਂ ਮਰਦਾਨਾ ਅਕ ਪਇਆ ਤਾਂ ਮਰਦਾਨੇ ਕਹਿਆ ਭਾਈ ਇਥੇ ਤਾਂ ਕੋਈ ਨਾਹੀ
ਫਿਰ ਚਲੀਐ। " " " "

।।ਅਗੋ ਸਾਖੀ ਹੋਰ ਚਲੀ।।

ਤਾਂ ਮਰਦਾਨੇ ਆਖਿਆ ਮੈਂ ਕਿਥੋ ਢੂੰਢਾ ਉਦਾਸ ਹੋਇਕੇ ਚਲਣ ਲਗਾ ਤਾਂ ਤੀ
ਜੇ ਦਿਨ ਫਿਰਦਾ ਰਬਾਬੀ ਮਰਦਾਨੇ ਨੂੰ ਆਇ ਮਿਲਿਆ ਆਇ ਕਰਿ ਲਗਾ ਪੁ
ਛਣੇ ਤੂੰ ਕਉਣ ਹੈ ਭਾਈ ਤੂੰ ਕਿਸ ਨੋ ਟੋਲਦਾ ਹੈ ਤਾਂ ਮਰਦਾਨੇ ਆਖਿਆ ਜੀ ਇ
ਥੇ ਇਕ ਰਬਾਬੀ ਹੈ ਫਿਰਦਾ ਅਤੇ ਫੇਰੂ ਭੀ ਸਦੀਦਾ ਹੈ ਤਾਂ ਫਿਰਦੇ ਆਖਿਆ ਤੇ
ਰਾ ਨਾਉ ਕਿਆ ਹੈ ਤੂੰ ਹੋਦਾ ਕਉਣ ਹੈਂ ਤੂੰ ਭੇਜਿਆ ਕਿਸ ਦਾ ਹੈਂ ਅਤੇ ਤੇਰਾ ਵਤਨ
ਕਉਣ ਹੈ ਤਾਂ ਮਰਦਾਨੇ ਕਹਿਆ ਜੀ ਮੇਰਾ ਵਤਨ ਗਾਇ ਭੋਇ ਦੀ ਤਿਲਵੰਡੀ ਮੇਰ
ਾ ਨਾਉ ਮਰਦਾਨਾ ਹੈ ਭੇਜਿਆ ਨਾਨਕ ਵੇਦੀ ਫਕੀਰ ਹੈ ਹੁਕਮੁ ਕੀਤਾ ਹੈ ਸੁ ਜੋ ਰ
ਬਾਬ ਲੈ ਆਉ ਤਾਂ ਫਿਰਦੇ ਆਖਿਆ ਫੇਰੂ ਮਉਹੀ ਹਾਂ ਅਤੇ ਤੁਧਨੂੰ ਨਾਨਕ ਵੇਦੀ
ਮਹਿਥੇ ਘਲਿਆ ਹੈ ਅਤੇ ਰਬਾਬ ਭੀ ਮੇਥੇ ਹੀ ਹੈ ਅਤੇ ਨਾਨਕ ਵੇਦੀ ਮੇਰਾ ਚਰੇ
ਕਣਾ ਅਸ ਨਾਉ ਹੈ ਤਾਂ ਮਰਦਾਨੇ ਆਖਿਆ ਜੀ ਰਬਾਬ ਮੈਨੋ ਦੇਵੋ ਤਾਂ ਫਿਰਦੇ ਆ
ਖਿਆ ਸੁਣਿ ਮਰਦਾਨਾ ਲੈਰ ਬਾਬ ਫਿਰਦਾ ਨ ਜਾਣੀਐ ਜੇ ਰਬਾਬ ਕਿਥੇ ਲੈਆ
ਇਆ ਜਾਂ ਮਰਦਾਨਾ ਦੇਖੇ ਤਾਂ ਕਿਆ ਦੇਖੇ ਰਬਾਬ ਕੁਦਰਤੀ ਹੈ ਤਾਂ ਮਰਦਾਨੇ ਕ
ਹਿਆ ਜੀ ਕੁਛ ਮੁਲ ਭੀ ਕੋਹੇ ਤਾਂ ਫਿਰਦੇ ਆਖਿਆ ਭਾਈ ਮਰਦਾਨਾ ਤੇਰੇ ਪਾ
ਸਿ ਰਬਾਬ ਦਾ ਮੁਲਿ ਨਾਹੀ ਅਤੇ ਇਸਦਾ ਮੁਲਿ ਭੀ ਅਸਾ ਲੈਣਾ ਨਾਹੀ ਤਾਂ ਮ
ਰਦਾਨਾ ਰਹਿ ਨ ਸਕਿਆ ਆਖਿਉਸ ਜੀ ਇਸਦਾ ਮੁਲ ਤੁਸਾ ਕਿਉ ਨਾਹੀ ਲੈਣਾ
ਫਿਰਦੇ ਆਖਿਆ ਮਰਦਾਨਾ ਏਹ ਰਬਾਬ ਅਸਾਨੋ ਕੁਦਰਤੀ ਨਾਲਿ ਲਧਿਆ
ਇਆ ਹੈ ਅਵਾਜ ਇਸਦਾ ਏਹੀ ਨਿਕਲਦਾ ਹੈ ਜੋ ਫਿਰਦਾ ਏਹ ਰਬਾਬ ਹੋਰਸ
ਅਗੇ ਨਾਹੀ ਵਜਾਵਣਾ ਇਕ ਨਾਨਕ ਵੇਦੀ ਖਤ੍ਰੀ ਪੈਦੇ ਹੋਸੀਆ ਏਹ ਰਬਾਬ ਉ
ਨਦੇ ਅਗੇ ਵਜਾਵਣਾ ਤੂੰ ਉਸ ਅਗੇ ਵਜਾਈ ਤਾਂ ਮਰਦਾਨਾ ਇਸ ਦਾ ਮੁਲ ਅ
ਸਾ ਲੈਣਾ ਨਾਹੀ ਪਰ ਭਾਈ ਚਲ ਵੇਖਾ ਓਹ ਨਾਨਕ ਹੈ ਕੇ ਕੋਈ ਔਰ ਹੈ ਤਾਂ ਮਰ

ਦਾਨੇ ਕਹਿਆ ਚਲੋ ਜੀ ਪਰ ਜੇ ਹੁਕਮਿ ਹੋਵੈ ਤਾਂ ਵਜਾਇ ਦੇਖਾ ਤਾਂ ਫਿਰੰਦੇ ਕਹਿਆ ਜੀ ਹੋਰਸੁ ਅਗੈ ਹੁਕਮ ਨਾਹੀ ਤਾਂ ਮਰਦਾਨੇ ਕਹਿਆ ਭਾਈ ਜੀ ਮੈਨੋ ਉਥੈ ਨਾਨਕ ਭੇਜਿਆ ਹੈ ਤਾਂ ਫਿਰੰਦੇ ਕਹਿਆ ਭਾਈ ਤੂੰ ਜਾਣਿ ਨਾਨਕ ਉਸੇ ਭੇਜਿਆ ਹੈ ਤਾ ਵਜਾਇ ਤਾਂ ਮਰਦਾਨੇ ਰਬਾਬ ਹਥਿ ਲੈਕੇ ਬਾਟ ਬਣਾਇਕੇ ਵਜਾਇਆ ਤਾਂ ਅਵਾਜ ਹੋਵੈ ਨਿਰੰਕਾਰ ਨਿਰੰਕਾਰ ਹੀ ਆਵੈ ਅਤੇ ਪਿਛੋ ਦੀ ਨਾਨਕ ਦੀ ਅਧੀਨਗੀ ਨਿਕਲੇ ਅਤੇ ਕੋਈ ਹੋਰ ਅਵਾਜ ਨਾ ਨਿਕਲੈ ਤਾਂ ਮਰਦਾਨਾ ਹੈਰਾਨ ਹੋਇ ਕਰ ਅਖਿਓਸੁ ਫਿਰੰਦਾ ਭਾਈ ਬਬ ਚਲ ਫਿਰੰਦਾ ਅਤੇ ਮਰਦਾਨਾ ਦੋਵੈ ਚਲੇ ਨਾਵੈ ਦਿਨ ਗੁਰੂ ਬਾਬੇ ਪਾਸ ਆਇ ਖੜੇ ਹੋਏ ਰਬਾਬ ਅਗੈ ਰਖਿਆ ਅਤੇ ਦੋਹਾ ਮਥਾ ਟੇਕਿਆ ਤਾ ਗੁਰੂ ਨਾਨਕ ਕਹਿਆ ਮਰਦਾਨਾ ਇਤਨਾ ਚਿਰ ਕਿਉ ਲਾਇਓ ਤਾਂ ਮਰਦਾਨੇ ਆਖਿਆ ਜੀ ਤੇਰੀ ਤੂੰ ਜਾਣੇ ਅਸਾਨੂੰ ਕਿਛੁ ਮਲੂਮ ਨਾਹੀ ਹੋਈ ਜੇ ਤੂ ਭਗਤਿ ਹੈ ਕਿ ਨਿਰੰਕਾਰ ਹੈ ਅਸੀ ਫਿਰਦੇ ਹੈਰਾਨ ਆਹੇ ਜਿਥੇ ਤਉ ਅਸਾਨੋ ਭੇਜਿਆ ਸਾ ਤਿਥੇ ਤਉ ਜਾਇ ਢੂਢ ਰਹਿਆ ਦਸੇ ਕੋਈ ਨਾਹੀ ਤੀਸਰੇ ਦਿਨ ਮੈਂ ਚਲਣੇ ਤੇ ਹੋਆ ਤਾਂ ਇਹੁ ਸਾਧ ਆਇ ਮਿਲਿਆ ਇਸ ਆਪੇ ਪੁਛਿਆ ਪੁਛਕੇ ਹਕੀਕਤ ਲੀਤੀ ਉਸ ਰਬਾਬ ਕਿਤੇ ਵਲੋ ਕਢਿਓਸ ਹੋਰ ਹਕੀਕਤ ਇਸੈ ਥੇ ਲੇਵਣਾ।

।।ਸਾਖੀ ਹੋਰ ਚਲੀ।।

ਗੁਰੂ ਨਾਨਕ ਫਿਰੰਦੇ ਨੂੰ ਪੁਛਿਆ ਕਹੁ ਭਾਈ ਤੂੰ ਕਉਣ ਹੈ ਫਿਰੰਦੇ ਰਬਾਬੀ ਕਹਿਆ ਜੀ ਗੁਰੂ ਜੀ ਤੈਨੂੰ ਓਹ ਦਿਨ ਵਿਸਰ ਗਇਆ ਹੈ ਤੂੰ ਦੂਆ ਪੁਰ ਗੁਰੂ ਹਰੀ ਚਦ ਹੋਦਾ ਸੇ ਮੈ ਤੁਸਾਡਾ ਸਿਖ ਸਾ ਤੁਸੀ ਮੈਨੂੰ ਕਹਦੇ ਆਹੇ ਇਕ ਗਰਭ ਭਗਤਿ ਕੀਤੀ ਕਰੇ ਤੁਸਾਡਾ ਦਰਸਨੁ ਕਾਰਿਕੈ ਜੇ ਭਗਤਿ ਕਰਦੇ ਆਹੇ ਅਤੇ ਤੁਸਾਡੇ ਅਗੇ ਸਰੋਦ ਮੈ ਕਰਦਾ ਸੀ ਮੇਰਾ ਜਨਮੁ ਨੀਚ ਦੇ ਘਰਿ ਆਹਾ ਅਤੇ ਲੋਕ ਕੋਈ ਆਖੇ ਏਹ ਨੀਚ ਜਨਮ ਹੈ ਤੁਸਾਡੀ ਜੇ ਦਇਆ ਮੇਰੇ ਉਤੇ ਹੋਦੀ ਆਹੀ ਸੋ ਤੁਸਾਡੇ ਪ੍ਰਸਾਦਿ ਕੋਈ ਫਿਲਨ ਕਰੈ ਤਾਂ ਗੁਰੂ ਨਾਨਕ ਪੁਛਿਆ ਤੇਰਾ ਨਾਉ ਕਿਆ ਹਾ ਤੇ ਫਿਰੰਦੇ ਆਖਿਆ ਜੀ ਮੇਰਾ ਨਾਉ ਪ੍ਰੇਮਾਂ ਆਹਾ ਤਾਂ ਗੁਰੂ ਨਾਨਕ ਕਹਿਆ ਏਹ ਰਬਾਬ ਤੈਨੂੰ ਕਿਥੋ ਹਥ ਆਇਆ ਭਾਈ ਫਿਰੰਦਾ ਏਹ ਗਲਿ ਮੈਥੇ ਮਰਦਾਨੇ ਪੁਛਣੀ ਹੈ ਤੂੰ ਬੈਠੀ ਸੁਣਲੈ ਤਾਂ ਮਰਦਾਨੇ ਆਖਿਆ ਜੀ ਮੈ ਤਾਂ ਸਭ ਹੀ ਪੁਛ ਮੁਕਹਾ ਅਗੋ ਪੁਛਣੇ ਦੀ ਕਾਈ ਨਾਹੀ ਭੀ ਗੁਰੂ ਨਾਨਕ ਪੁਛਿਆ ਕਿਥੋ ਹਥ ਆਇਓ ਤਾਂ ਭਾਈ ਫਿਰੰਦਾ ਬੋਲਿਆ ਦੇਖ ਜੀ ਮੈ ਜਦ ਰਬਾਬ ਵਜਾਇਦਾ ਸੀ ਤਾਂ ਜਿ

ਤਨੇ ਉਤਮ ਜਨਮੁ ਆਹੇ ਸਭ ਆਸਾ ਤੁਸਾ ਤੇ ਦੇਖਦੇ ਆਹੇ ਜਦਿ ਤੁਸਾਂ ਅਤੀਤ ਸ
ਭੇਦ ਕਰਦੇ ਆਹੇ ਤਾਂ ਸਗਲੇ ਬਾਹਰਿ ਲੋਕ ਤੁਹਤੇ ਜਾਇ ਰਬਾਬ ਦੇਜਾਂਦੇ ਆਹ
ਸ ਉਥੋ ਭਗਤ ਕਰਦਾ ਆਹਾ ਅਜੀ ਏਹ ਉਤ ਦੇਸੇ ਦਾ ਰਬਾਬ ਹੈ ਤਾਂ ਫਿਰੰਦਾ ਮ
ਥਾਟੇ ਕਿਕੇ ਵਿਦਾ ਹੋਇਆ ਤਾਂ ਮਰਦਾਨੇ ਆਖਿਆ ਜੀ ਵਿਦਾ ਕਰਿ ਆਵਾਂ ਤਾਂ
ਗੁਰੂ ਨਾਨਕ ਕਹਿਆ ਜਾਹ ਮਰਦਾਨਾ ਤਾਂ ਮਰਦਾਨਾ ਕੋਹ ਅਧ ਤੇਤੀ ਨਾਲਿ ਗਇਆ
ਤਾਂ ਮਰਦਾਨੇ ਦੇ ਦੇਖਦਿਆ ਹੀ ਛੁਲ ਹੋਇ ਗਇਆ ਮਰਦਾਨਾ ਦੇਖੇ ਤਾਂ ਮੈ ਅੰਨ
ਕੀਤ ਨਾਹੀ ਮੈਨੂੰ ਤਾਂ ਸਭੁ ਕਿਛੁ ਨਜਰਿ ਆਵਦਾ ਹੈ ਏਹੁ ਕਿਆ ਹੂਆ ਹੈ ਹੈਰਾਨ
ਹੋਇਆ ਹੈ ਹੈਰਾਨੁ ਹੋਇ ਕੈ ਗੁਰੂ ਨਾਨਕ ਪਾਸਿ ਆਇਆ ਗੁਰੂ ਨਾਨਕ ਮਰਦਾ
ਨੇ ਨੂੰ ਹਸਿ ਕਰਿ ਪੁਛਿਆ ਆਖੁ ਮਰਦਾਨਾ ਕਿਥੋ ਤੇਤੀ ਵਿਦਾ ਕਰਿ ਆਇਓ ਤੇ
ਮਰਦਾਨੇ ਕਹਿਆ ਜੀ ਓਹ ਤਾਂ ਮੈਥੋ ਛੁਲ ਹੋਇ ਗਇਆ ਮੈਥੋ ਦਿਸਿ ਆਵਦੇ
ਰਹਿ ਗਇਆ ਤਾਂ ਗੁਰੂ ਨਾਨਕ ਆਖਿਆ ਸੁਣਿ ਮਰਦਾਨਾ ਓਹ ਗਾਲ ਥਿਰ
ਕਰਿਦੇ ਹੈਨਿ ਅਸਾਂ ਹੀ ਨੂੰ ਕਰਤਾਰ ਜਾਹਰ ਕਰਨਾ ਹੈ ਗੁਰੂ ਨਾਨਕ ਮਰਦਾਨੇ ਦੇ
ਹਥਿ ਰਬਾਬ ਦਿਤਾ ਤਾਂ ਮਰਦਾਨੇ ਹਥ ਰਬਾਬ ਲੀਤਾ ਲਗਾ ਥਾਟ ਬਣਾਵਣ ਤਾਂ ਗੁ
ਰੂ ਨਾਨਕ ਹੁਕਮ ਕੀਤਾ ਮਰਦਾਨਾ ਥਾਟ ਆਪੇ ਬਣਿ ਜਾਇਗਾ ਸੂਧੇ ਤਾਂ ਮਰਦਾ
ਨੇ ਹੁਕਮ ਮੰਨਿਆਂ ਤਾਂ ਥਾਟ ਆਪੇ ਬਣਿ ਗਇਆ ਲਗਾ ਮਰਦਾਨਾ ਤਾਰ ਵਜਾਵਣ
ਤਾਂ ਤਾਰ ਵਿਚੋ ਏਹੀ ਅਵਾਜ ਨਿਕਲੇ ਤੂਹੀ ਨਿਰੰਕਾਰ ਤੂਹੀ ਨਿਰੰਕਾਰ ਨਾਨਕ ਬੰਦ
ਤੇਰਾ ਤਾਂ ਗੁਰੂ ਨਾਨਕ ਦੀ ਸਮਾਧਿ ਲਗਿ ਗਈ ਮਰਦਾਨਾ ਦੇਖੇ ਤਾਂ ਏਹ ਬਿਰਹੀ ਹੋ
ਇ ਗਇਆ ਹੈ ਦੁਇ ਰਾਤੀ ਤੇ ਦੁਇ ਦਿਨ ਸਮਾਧਿ ਲਗੀ ਰਹੀ ਤਾਂ ਮਰਦਾਨੇ ਰਬਾਬ
ਵਜਾਵਣੇ ਛਡਿ ਦਿਤਾ ਗੁਰੂ ਨਾਨਕ ਹੋਇਆ ਨਿਰੰਕਾਰੀ ਤਾਂ ਮਰਦਾਨੇ ਨੂੰ ਭੁਖ ਲ
ਗੀ ਤਾਂ ਮਰਦਾਨੇ ਦਾ ਜੀਉ ਭੁਰਿਕਿਆ ਅਤੇ ਛਡ ਭੀ ਸਕੇ ਨਾਹੀ ਏਹੁ ਜੀਅ ਵਿ
ਚਿ ਵਿਚਾਰੁ ਕਰਿ ਕਰਦੀ ਜਾਂਦੀ ਤਾਂ ਮੈ ਵਿਦਾ ਲਈ ਤਾਂ ਤੀਸਰਾ ਦਿਨੁ ਹੋਇਆ ਤਾਂ ਗੁ
ਰੂ ਨਾਨਕ ਪਲਕ ਲਾਹੀਆ ਪੁਛਣ ਲਗਾ ਕਿਉ ਭਾਈ ਮਰਦਾਨਾ ਕਿਆ ਖਬ
ਰ ਹੈ ਈ ਤਾਂ ਮਰਦਾਨੇ ਆਖਿਆ ਜੀ ਤੇਰੀ ਭੁਖ ਅਤੇ ਦੁਖ ਕਰਤਾਰ ਦੂਰ ਕੀਤੇ ਹੈ
ਅਤੇ ਅਸਾਡੀ ਤਾਂ ਨਾਹੀ ਦੂਰ ਹੋਈ ਤੁਸਾਂ ਹਿ ਹੋਇ ਗਏ ਹੈ ਅਤੇ ਅਸੀ ਤਾਂ
ਆਦਮੀ ਡੂਮ ਤਾਂ ਅਸਾਡਾ ਸੰਗਿ ਕਿਥੋ ਰਲੇ ਤਾਂ ਗੁਰੂ ਨਾਨਕ ਆਖਿਆ ਭਾਈ
ਮਰਦਾਨਾ ਅਸਾ ਪਾਸਿ ਏਹੋ ਦੁਖ ਭੁਖ ਹੋਈ ਅਤੇ ਨਾ ਕੁਛ ਲੋੜੇ ਤਾਂ ਜਾਹ ਤਾਂ ਮ
ਰਦਾਨੇ ਕਹਿਆ ਜੀ ਇਕੇ ਤਾਂ ਮੈਨੂੰ ਆਪ ਜਾਹਿ ਕਰਿ ਇਕੇ ਤਾਂ ਮੇਰਾ ਇਕੁ ਜਾਕ

ਰਿਤਾ ਤੇਰੇ ਪਾਸਿ ਰਹਾ ਤਾਂ ਗੁਰੂ ਨਾਨਕ ਕਹਿਆ ਸੁਣ ਮਰਦਾਨਾ ਤੈਨੂੰ ਜਾ
ਲ ਕਰਤਾਰ ਪਾਸਿ ਰੱਖਿਆ ਅਤੇ ਅਸਾਂ ਪਾਸਿ ਜਾ ਜਿਤਨੀ ਤੇਰੀ ਖੁਸ਼ੀ ਹੈ ਤੇਰੀ ਕਹਣੀ
ਅਤੇ ਤੇਰੀ ਖੁਸ਼ੀ ਜੋ ਜਾਣਦਾ ਹੈਂ ਕੁ ਰਹੁ ਨਹੀ ਤਾਂ ਜਾਹੁ ਤਾਂ ਮਰਦਾਨੇ ਆਖਿਆ
ਜੀ ਹੁਕਮੁ ਜੋ ਦਾ ਹੋਵੈ ਤਾਂ ਬਾਬੇ ਆਖਿਆ ਜਾਹੁ ਪਰ ਇਹ ਰਬਾਬ ਬੇਬੇ ਨਾਨਕੀ ਜੀ ਨੋ
ਸਉਂਪ ਜਾਇ ਮਰਦਾਨਾ ਰਬਾਬ ਲੈ ਕਰ ਬੇਬੇ ਨਾਨਕੀ ਪਾਸਿ ਆਇਆ ਤਾਂ ਨਾਨਕੀ
ਨੂੰ ਮਨ ਪ੍ਰੇਮ ਪੈਆ ਕਹਣ ਲਗੀ ਮਰਦਾਨਾ ਇਹ ਰਬਾਬੁ ਕਿਤ ਨੇ ਆਇਆ ਕੁ
ਤੇ ਦਿਨਾ ਪਿਛੋ ਆਇਓਹਿ ਅਤੇ ਮੇਰਾ ਭਾਈ ਜੀ ਕਿਥੇ ਛਡਿ ਆਇਆ ਤਾਂ ਮਰਦਾਨਾ ਆ
ਖਣ ਲਗਾ ਬੇਬੇ ਜੀ ਉਜਾੜ ਜੰਗਲ ਵਿਚ ਰਹੈ ਉਥੇ ਤਾਂ ਖਾਣੀ ਤਾਂ ਚਬਣੇ ਭੀ ਮਿਲਦੇ ਨਾਹੀ
ਜਾਂਦੀ ਅਤੇ ਅਸੀ ਤਾਂ ਸਰੀਰੇ ਤੇ ਬਾਝੋ ਖਾਣੀ ਦੇ ਦੁਖ ਲਗੀ ਹੈ ਬੇਬੇ ਜੀ ਅਸੀ ਨਾਨ
ਕ ਜੀ ਪਾਸਿ ਵਿਦਾ ਲੈ ਆਏ ਹਾਂ ਗੁਰੂ ਨਾਨਕ ਅਸਾਂਨੋ ਖੁਸ਼ੀ ਨਾਲ ਵਿਦਾ ਦਿਤਾ ਹੈ
ਅਤੇ ਕਹਿਆ ਹੈ ਜੁ ਰਬਾਬੁ ਬੇਬੇ ਜੀ ਨੂੰ ਸਉਂਪ ਜਾਹਿ ਤਾਂ ਬੇਬੇ ਨਾਨਕੀ ਦਾ ਬੈਰਾ
ਗ ਛੁਟ ਗਇਆ ਕਿਥਾਉ ਜੀ [illegible] ਤੁਲਸਾ ਝਿਉਰੀ ਬਹੁਤੇਰਾ ਆਖੇਆ
ਤੇ ਮੂਹ ਪੂੰਝੇ ਪਰ [illegible] ਗਇਆ ਇਤਨੇ ਚਿਰ ਵਿਚ ਗਇਆ ਸੁਧਿ ਅ
ਪੈ ਗਈ ਤਾਂ ਭੁਈਆ ਜੈਰਾਮ ਘਰਿ ਆਇਆ ਤਾਂ ਜੈਰਾਮ ਦੇਖ ਕੇ ਹੈਰਾਨ ਹੋਇ
ਗਇਆ ਤਾਂ ਲਗਾ ਪੁਛਣ ਕਿ ਕਿਉਂ ਰੀ ਤੁਲਸਾ ਬਹੁ ਜੀ ਇਤਨਾ ਰੁਦਨ ਕਿਉ ਕ
ਰਦੀ ਹੈ ਅਜ ਕਿਆ ਹੈ ਤਾਂ ਤੁਲਸਾ ਕਹਿਆ ਠਾਕੁਰ ਜੀ ਅਜ ਮਰਦਾਨਾ ਭਾਈ
ਜੀ ਨੂੰ ਛਡ ਚਲਿਆ ਹੈ ਇਸ ਵਾਸਤੇ ਬੈਰਾਗ ਕਰਦੀ ਹੈ ਤਾਂ ਜੈਰਾਮ ਕਹਿਆ
ਕਿਉਂ ਬਹੁ ਜੀ ਅਸੀ ਤਾਂ ਤੁਸਾਡੇ ਹੁਕਮ ਬੀ ਬਾਹਰਿ ਨਾਹੀ ਜਿਸ ਤਰਾਂ ਜਿਸ ਸੁ
ਰਤਿ ਨਾਨਕ ਜੀ ਤੁਸਾਡੇ ਪਾਸ ਰਹੇ ਅਤੇ ਤੁਸਾਡਾ ਮਨ ਸੰਤੋਖ ਹੋਵੈ ਆਖੋ ਸੋਈ
ਸੁਰਤਿ ਦਸੋ ਅਸੀ ਸੋਈ ਕਰੀਐ ਤਾਂ ਨਾਨਕੀ ਬੋਲੀ ਜੀ ਐਤਾ ਸੰਤੋਖ ਤਿਵੇਂ
ਆਵੀ ਜੁ ਜਾ ਮਰਦਾਨਾ [illegible] ਮਰਦਾਨਾ ਭਾਈ ਜੀ ਨੂੰ ਛਡਿ ਆਇਆ
ਹੈ ਜੈਰਾਮ ਬੋਲਿਆ ਕਿਆ [illegible] ਆਇਆ ਹੈ ਤੂ ਜੀ [illegible]
ਅਸਾਨੂੰ ਉਪਦੇਸ ਦੇਵੇ [illegible] ਗੁਰੂ ਨਾਨਕ ਮਰਦ
ਨੇ ਤੇਰੀ ਨਾਲ ਗਇਆ [illegible] ਬੇਬੇ ਨਾਨਕੀ ਜੀ ਕਰ
ਹੈ ਅਤੇ ਜਿਉ ਮਰਦਾਨਾ [illegible] ਬਹੁਤ ਕਾ
ਜੀ ਆਹੇ ਤਾਂ ਨਾਨਕੀ [illegible] ਮਰਦਾਨਾ [illegible]
ਦੈ ਨਾਹੀ ਤਾਂ ਜੈਰਾਮ ਕਹਿਆ ਕਿਉਂ ਭਾਈ ਮਰਦਾਨਾ ਨਾਨਕ ਜੀ ਨੂੰ ਛਡ ਨਾਹੇ

ਤੇਰੇ ਨਾਲ ਉਸਦਾ ਬਹੁਤ ਪਿਆਰ ਹੈ ਤਾਂ ਮਰਦਾਨੇ ਕਹਿਆ ਭਾਈਆ ਜੀ ਮੇਰਿ
ਆ ਕਰਤੇ ਉਸਦੀ ਸਮਾਧਿ ਲਗਦੀ ਹੈ ਤਾਂ ਖੁਲਦੀ ਨਾਹੀ ਅਤੇ ਕਿਸੇ ਸਾਹਿਬ ਦਿ
ਰੇ ਹੋਦੈ ਤਾਂ ਖਤਰਨਾਕ ਹੋਦੈ ਉਸਨੂੰ ਇਸਦਿ ਖਤਰਾ ਰਹਿਦਾ ਹੈ ਜੈਰਾਮ ਕਹਿਆ ਮ
ਰਦਾਨਾ ਜੇਤੂ ਰੋਟੀ ਕਪੜੇ ਵਾਸਤੇ ਕਹਿਦਾ ਹੋਦੈ ਤਾਂ ਰੋਟੀ ਕਪੜਾ ਇਥੇ ਮਜੂਦ ਹੈ
ਅਤੇ ਭਲਾ ਕੋਈ ਦਿਨ ਨਾਨਕ ਜੀ ਨਾਲਿ ਗੁਜਰਾਨ ਕਰਿ ਭਾਈ ਮਰਦਾਨਾ ਏ
ਹ ਗਲ ਨਜਰ ਨ ਆਂਵਦੀ ਹੈ ਜੋ ਨਾਨਕ ਨਾਲਿ ਪਹੁਚਿ ਰਹਿਣ ਸਕਦਾ ਹੈ ਪਰੁ ਭੁ
ਲਾ ਜਿਚਰ ਚਾਰਾ ਹੈ ਤਿਚਰ ਰਹੂ ਕੀਜੈ ਤਾਂ ਨਾਨਕੀ ਅਤੇ ਜੈਰਾਮ ਦੋਹਾਂ ਮਰਦਾਨੇ
ਨੂੰ ਆਖਿਆ ਭਲਾ ਜੇ ਤਾ ਇਸ ਸਹਰ ਰਹੋ ਤਾਂ ਦੁਇ ਵਖਤ ਰਸੋਈ ਜੇਵਣ ਜਾਵੇ ਅਤੇ
ਭਾਈ ਜੀ ਜੇ ਦੂਰੇ ਰਹੇ ਜਾਵੈ ਤਾਂ ਖਰਚੀ ਲੈ ਜਾਵੈ ਤਾਂ ਇਤ ਗਲਿ ਮਰਦਾਨਾ ਖੁਸੀ ਹੋਆ
ਤਾਂ ਮਰਦਾਨੇ ਆਖਿਆ ਭਲਾ ਭਾਈਆ ਜੀ ਜੇ ਤੁਸੀ ਆਖੋਗੇ ਸੋ ਕਰਾਂਗੇ ਅ
ਤੇ ਨਾਲੇ ਨਾਨਕੀ ਖੁਸੀ ਹੋਈ ਮਰਦਾਨੇ ਨੂੰ ਰਾਤਿ ਰਖਿਆ ਅਤੇ ਪ੍ਰਸਾਦਿ ਖ
ਵਾਇਆ ਭਲਕੇ ਹੋਇਆ ਤਾਂ ਮਰਦਾਨੇ ਆਖਿਆ ਜੀ ਹਉ ਜਾਂਦਾ ਹਾਂ ਤਾਂ ਜੈ
ਰਾਮ ਕਹਿਆ ਮਰਦਾਨਾ ਰਸੋਈ ਜੇਵਣ ਜਾਵਣਾ ਅਤੇ ਕੁਝ ਖਰਚ ਭੀ ਲੈਜਾ
ਵਣਾ ਤਾਂ ਮਰਦਾਨੇ ਕਹਿਆ ਭਲਾ ਜੀ ਤਾਂ ਮਰਦਾਨੇ ਨੂੰ ਰਸੋਈ ਜਿਵਾਈ ਤਾਂ ਜੈ
ਰਾਮ ਆਪਣਾ ਚੋਲਾ ਬੁਚਕੇ ਵਿਚੋ ਕਢਕੇ ਮਰਦਾਨੇ ਦੈ ਗਲਿ ਪਾਇਆ ਅਤੇ
ਆਖਿਓਸ ਬਹੂ ਜੀ ਮਰਦਾਨੇ ਨੂੰ ਕੁਛ ਖਰਚੀ ਦੇਹ ਤਾਂ ਨਾਨਕੀ ਕਹਿਆ
ਜੀ ਤੁਸੀ ਕਹੋ ਸੋ ਦੇਵਾਂ ਤਾਂ ਜੈਰਾਮ ਕਹਿਆ ਬਹੂ ਜੀ ਤੁਸਾਡੇ ਜੀ ਵਿਚਿ ਆ
ਵਦੀ ਹੈ ਸੋ ਦੇਵੋ ਮੈਂ ਬਹੁਤ ਰਾਜੀ ਹਾਂ ਤਾਂ ਨਾਨਕੀ ਵੀਹ ਰੁਪਏ ਮਰਦਾਨੇ ਦੇ
ਹਥਿ ਦਿਤੇ ਅਤੇ ਆਖਿਓਸ ਭਾਈ ਜੀ ਨੂੰ ਆਖਣਾ ਜੋ ਮੈਨੂੰ ਦਰਸਨ ਦੇ
ਣਾ ਤਾਂ ਮਰਦਾਨਾ ਚੋਲਾ ਗਲ ਪਾਇ ਕਰਿ ਅਤੇ ਵੀਹ ਰੁਪਏ ਲੈ ਕਰ ਗੁ
ਰੂ ਨਾਨਕ ਪਾਸਿ ਆਇਆ ਆਇ ਕਰ ਮਥਾ ਟੇਕਿਆ ਸੁ ਤਾਂ ਗੁਰੂ ਨਾਨਕ
ਕਹਿਆ ਅਵੇ ਮਰਦਾਨਾ ਰਬਾਬ ਫੇਰਿ ਕਿਉ ਲੈ ਆਇਓ ਤਾਂ ਮਰਦਾਨੇ
ਕਹਿਆ ਜੀ ਬੇਬੇ ਨਾਨਕੀ ਬਹੁਤ ਪਿਆਰ ਕੀਤਾ ਭਾਈਆ ਜੈਰਾਮ ਆਇ
ਆ ਉਨਹੁ ਮੇਰਾ ਦਿਲਾਸਾ ਕੀਤਾ ਭਾਈਆ ਜੈਰਾਮ ਮੈਨੂੰ ਆਖਣ ਲ
ਗਾ ਜੋ ਗੁਰੂ ਨਾਨਕ ਪਾਸੋ ਜਾਹ ਨਾਹੀ ਤੂ ਨਾਨਕ ਦੇ ਪਾਸ ਰਹੁ ਮੈ ਕਹਿਆ
ਭਾਈਆ ਜੀ ਹਛੀ ਗਲ ਮੇਰੇ ਗਲਿ ਜੈਰਾਮ ਆਪਣਾ ਚੋਲਾ ਪਾਇਆ ਅ
ਤੇ ਵੀਹ ਰੁਪਏ ਖਰਚੀ ਭੀ ਦਿਤੇ ਹੈਸ ਅਤੇ ਆਖਣ ਲਗੇ ਜਿਚਰ ਸਬੂਰ

ਇਹ ਹੋਏ ਕਿਨਨ ਦੇਣੈ ਦਾ ਖਰਚ ਕੋਈ ਨਹੀ ਜੇ ਚਾਹੋ ਅਤੇ ਦੂਰ ਜਾਹੁ ਤਾਂ ਖਰਚੀ ਅ
ਪਣੇ ਪਾਸ ਰਖੋ ਅਤੇ ਬੇਬੇ ਜੀ ਕਹਿਆ ਮੈਨੂੰ ਆਪਣਾ ਦਰਸਨ ਦੇਹੁ ਗੁਰੂ ਨਾ
ਨਕ ਕਹਿਆ ਅਤੇ ਮਰਦਾਨਾ ਕਿਆ ਕੀਤੇ ਅੰਤ ਤੂੰ ਮੋਹ ਇਹ ਗੋਇ ਤਾਂ ਮਰਦਾ
ਉਨਾਂ ਨੂੰ ਸਿਟੀ ਚੋਟ ਪਾਲਣ ਪਾਇਆ ਹੈ ਏਹ ਤੂੰ ਕਿਆ ਕਰਿ ਆਇਓਂ ਤਾਂ ਮਰ
ਦਾਨੇ ਕਹਿਆ ਜੀ ਮੈਂ ਤਾਂ ਮੰਗੇ ਨਾਹੀ ਉਨ ਆਪੇ ਖੁਸੀ ਹੋਇ ਕਰ ਦਿਤੇ ਹੈਨ ਤਾਂ ਗੁ
ਰੂ ਨਾਨਕ ਕਹਿਆ ਜਾਹ ਮਰਦਾਨਾ ਤੂੰ ਪਰੇ ਛੋੜ ਦੇਹੁ ਅਤੇ ਚੋਲਾ ਤੇਰੇ ਮਨ ਭਾ
ਵੇ ਅਤੇ ਮਰਦਾਨਾ ਨਦਰ ਕਰ ਤਾਰ ਉਪਰ ਰਖੀਐ ਜੇਤ ਸਦਾ ਕਿਰਪਾ ਕਰਦਾ
ਹੈ ਅਤੇ ਖੇਦੇ ਦੀ ਆਸ ਵਿਚਿ ਅਉਗਣ ਵਸਦੇ ਹੈ ਜਾਹਿ ਤੂੰ ਪਰੇ ਛੋੜ ਦੇਹਿ ਆਇ
ਤਾਂ ਮਰਦਾਨੇ ਕਹਿਆ ਜੀ ਤੂੰ ਭੀ ਚਲੁ ਬੇਬੇ ਜੀ ਨੂੰ ਦਰਸਨ ਦੇਹੁ ਤੇਰੇ ਦਰਸਨ ਨ
ਮਿਤ ਬਹੁਤ ਤਲਬਦੀ ਹੈ ਤੂੰ ਇਤਨਾ ਚਿਤ ਕਰ ਉਸ ਨੇ ਕਰਿ ਤਾਂ ਗੁਰੂ ਨਾਨਕ ਆ
ਖਿਆ ਭਲਾ ਮਰਦਾਨਾ ਤੇਰਾ ਆਖਣਾ ਭੀ ਮੋੜਣਾ ਨਾਹੀ ਅਸਾਂ ਤੇਰੇ ਨਾਲਿ ਕੇ
ਮਰਦਾਨਾ ਗੁਰੂ ਨਾਨਕ ਨੂੰ ਬੇਬੇ ਨਾਨਕੀ ਪਾਸ ਲੈ ਆਇਆ ਤਾਂ ਤੁਲਸਾ ਗੁਰੂ ਨਾ
ਨਕ ਨੂੰ ਆਂਵਦਾ ਡਿਠਾ ਤਾਂ ਦਉੜ ਉਪਰ ਚੜੀ ਜਾਇ ਆਖਣ ਲਗੀ ਬੀਬੀ ਜੀ
ਤੁਮਾਰਾ ਭਾਈ ਜੀ ਆਇਆ ਹੈ ਤਾਂ ਬੀਬੀ ਜੀ ਆਖਿਆ ਤੁਲਸਾ ਤੂੰ ਸੁਣੀ ਹੈ ਤਾਂ ਤੁਲ
ਸਾਂ ਕਹਿਆ ਬੀਬੀ ਜੀ ਮੇਰੀ ਮਜਾਲ ਹੈ ਮੈ ਜੋ ਤੁਸਾਂ ਆਗੇ ਝੂਠ ਬੋਲਾਂ ਫਿਰ ਉਨਾ
ਇ ਉਪਰਿ ਚੜਦੇ ਦੇਖ ਤਾਂ ਨਾਨਕੀ ਪੈਰਾਂ ਤੇ ਡਿਗਣ ਲਗੀ ਗੁਰੂ ਨਾਨਕ ਨਾਨਕੀ
ਦਾ ਮਥਾ ਦੋਹਾ ਹਥਾ ਤੇ ਲੀਤਾ ਆਖਣ ਲਗਾ ਬੇਬੇ ਜੀ ਮੈ ਇਸੇ ਵਾਸਤੇ ਤੇਰੇ ਪ
ਾਸ ਆਂਵਦਾ ਨਾਹੀ ਜੇ ਤੂੰ ਪੈਰਾਂ ਨੂੰ ਹਥ ਲਾਂਵਦੀ ਹੈ ਮੈਥੋਂ ਵਡੀ ਹੈਂ ਅਤੇ ਪਰਮੇਸਰ ਦੀ
ਪਿਆਰੀ ਹੈ ਮੇਰਾ ਤੇ ਤੇਰਾ ਜੋ ਤੇ ਦੂਆ ਪੂਰ ਸਨਬੰਧ ਹੋਂਦਾ ਆਇਆ ਹੈ ਅਤੇ ਹੁ
ਣ ਕਲਜੁਗ ਭੀ ਹੋਇਆ ਹੈ ਜੋ ਅਸੀ ਤੇਰੀ ਤੂੰ ਅਸਾਂ ਨੂੰ ਵਡੀ ਸੋਗਣ ਹੋਵੇਂ
ਤੂੰ ਜੋ ਮੇਰੇ ਪੈਰਾਂ ਤੇ ਡਿਗਦੀ ਹੈ ਈਦੇ ਜਾਣ ਜੋ ਮੈ ਸਭ ਆਖਦਾ ਹਾਂ ਤਾਂ ਨਾਨਕੀ
ਆਖਿਆ ਭਲਾ ਭਾਈ ਆ ਜੀ ਜਿਵੇਂ ਤੁਸੀ ਰਾਜੀ ਹੋਵੋਗੇ ਮੈ ਤਿਵੇਂ ਕਰਾਂਗੀ
ਪਰ ਤੁਸੀ ਮੈਨੂੰ ਦਰਸਨ ਦੇਂਦੇ ਰਹੋ ਫਿਰ ਗੁਰੂ ਨਾਨਕ ਆਖਿਆ ਏਹ ਆਖੁ ਮਰ
ਦਾਨਾ ਤੂੰ ਪਰੇ ਬੇਬੇ ਜੀ ਨੂੰ ਦੇਹੁ ਗੁਰੂ ਨਾਨਕ ਕਹਿਆ ਬੇਬੇ ਜੀ ਤੁਸੀ ਅਸਾਂ ਦੇ ਕ
ਰਤਾਰ ਪਾਸਿ ਸਉਪ ਛਡੇ ਤੂੰ ਪਰਮੇਸਰ ਕੀ ਭਗਤਣੀ ਹੈ ਦਇਆ ਧਾ
ਰਿਆ ਪਰਮੇਸਰ ਸੁਣਦਾ ਹੈ ਤਾਂ ਫੇਰ ਨਾਨਕੀ ਕਹਿਆ ਜੀ ਤੁਸੀ ਜਾਣਦੇ ਹੋ
ਗੇ ਜੋ ਭਿਰਾਣ ਕਰਿ ਜਾਣਦੀ ਹੈ ਮੈ ਤੁਸਾਂ ਨੇ ਪਰਮੇਸਰ ਹੀ ਜਾਣਦੀ ਹਾਂ ਤਾਂ ਗੁਰੂ

ਨਾਨਕ ਕਹਿਆ ਬੇਬੇ ਜੀ ਮੈਨੋ ਆਖਦੀ ਨਾਹੀ ਏਹ ਰੁਪਏ ਤੁਸੀ ਲੇਹੁ ਅਰ
ਇਕ ਵਚਨ ਅਸਾਨੂ ਮੰਨਿ ਲਹੁਗੇ ਤਾਂ ਅਸੀ ਆਖਦੀਏ ਹੈ ਤਾਂ ਨਾਨਕੀ ਆਖਿ
ਆ ਭਾਈ ਜੀ ਤੁਸੀ ਨਿਸੰਗ ਆਖੋ ਮੁਲਿਆ ਤੇਈ ਰਖੇ ਨਾਹੀ ਤਾਂ ਗੁਰੂ ਨਾਨਕ
ਆਖਿਆ ਬੇਬੇ ਜੀ ਜੇ ਮਰਦਾਨਾ ਅਗੋ ਪਿਛੋ ਆਂਦੇ ਅਸੀ ਹੋਦੀਏ ਨਾਵੇਂ ਦੀਏ
ਤਾਂ ਮਰਦਾਨੇ ਨੂੰ ਪਾਣੀ ਨਾਹੀ ਛੁਹਣ ਤੇਰੀ ਦੇਦੀ ਆਂਦੀ ਅੱਜ ਹੈ ਅਸਾਨੂ ਇ
ਸ ਨੇਹੁ ਵਚਨ ਨੈ ਅਤੇ ਜਿਨੀ ਚਰਣ ਤਾਂ ਤੇ ਗੋਦ ਪਾਇ ਲੀਤਾ ਹੈ ਅਤੇ ਤੂੰ ਅਸਾਨੂੰ
ਖੁਸੀ ਕਰ ਜੋ ਅਸੀ ਇਥੇ ਭੁਲੇ ਨਾਹੀ ਗਮਦੇ ਸੁਮਦੇ ਹੀ ਭੁਲੇ ਆਹੇ ਤਾਂ ਨਾਨਕੀ
ਆਖਿਆ ਜੇ ਜੀਊ ਇਥੇ ਫਿਰਦਾ ਹੈ ਤਾਂ ਮੈਨੂੰ ਵਡੇ ਪੀਰ ਜੂਹੇ ਅਤੇ ਅਸਾਨੂੰ ਤੇਰੂ
